ਹਿਤ ਸਰੋਤ

ਜੁਲਾਈ–ਅਗਸਤ 2004

ਕੋਈ ਆਤਮਾ ਅਜਿਹਾ ਨਹੀਂ ਕਿ ਜੋ ਮਨਮੁੱਖ ਚਾਲ ਛੱਡ ਕੇ ਮੇਰੇ
ਨਾਲ ਕੁਝ ਵੀ ਜੁੜਿਆ ਹੋਵੇ, ਉਹ ਆਪਣੀ ਪਹਿਲੀ ਹਾਲਤ
ਦੀ ਤੁਲਨਾ ਵਿੱਚ ਸ੍ਰੇਸ਼ਠ ਜਾਂ ਉੱਚ ਨ ਬਣ
ਗਿਆ ਹੋਵੇ !

– ਦੇਵ ਆਤਮਾ

ਸਫਾ 20 ਦਾ ਬਾਕੀ

ਵੀ ਕਰਦੇ ਰਹੇ। ਸ਼ਿਮਲੇ ਅਤੇ ਦਿੱਲੀ ਤੋਂ ਦਾਨ ਮੰਗ ਕੇ ਉਨਾਂ ਚੰਗਾ ਫੀਲਡ ਪੈਦਾ ਕੀਤਾ।

ਆਪ ਸਭਾ ਦੀ ਖਾਸ ਤਿਆਰੀ ਕਰਦੇ ਸਨ। ਬਹੁਤ ਪੁਰ ਅਸਰ ਲੇਖ ਲੈਕੇ ਪੜ੍ਹਦੇ ਜੋ ਬਹੁਤ ਹੀ ਮੁਫੀਦ ਸਾਬਤ ਹੁੰਦੇ ਸਨ। ਆਪ ਵਿਕਾਸਆਲੇ ਦੇ ਉੱਚ ਪਦ ਧਾਰੀ ਵੀ ਰਹੇ ਸਨ।

ਮਹੋਤਸਵ ਤੇ ਆਪ ਯਾਤਰੀਆਂ ਨੂੰ ਠਹਿਰਾਉਣ ਦੀ ਸੇਵਾ ਬਹੁਤ ਉੱਤਮਤਾ ਨਾਲ ਕਰਦੇ ਹੁੰਦੇ ਸਨ। ਸਭ ਉਨਾ ਦੀ ਸੇਵਾ ਤੇ ਬਹੁਤ ਖੁਸ਼ ਤੇ ਸੰਤੁਸ਼ਟ ਹੁੰਦੇ ਸਨ।

ਆਪ ਲੋਕਾਂ ਦੇ ਘਰਾਂ ਵਿਚ ਜਾ ਕੇ ਵਿਜਟ ਦਾ ਕੰਮ ਖੂਬ ਜੋਸ਼ ਨਾਲ ਕਰਦੇ ਸਨ। ਢਿੱਲੇ ਆਤਮਾਵਾਂ ਨੂੰ ਉਭਾਰਦੇ ਤੇ ਉਨ੍ਹਾ ਨੂੰ, ਸਤਸੰਗ ਤੋਂ ਲਾਭ ਉਠਾਉਣ ਲਈ ਪ੍ਰੇਰਦੇ।

ਉਹ ਸਾਧਨਸ਼ੀਲ ਸਨ। ਉਹ ਰੋਜ ਆਪਣੇ ਸਾਧਨ ਦੁਆਰਾ ਗੁਰੂ ਮਹਾਰਾਜ ਤੱਕ ਪੁਜਣ ਦੀ ਕੋਸ਼ਿਸ਼ ਕਰਦੇ ਸਨ। ਦੇਵ ਪ੍ਰਭਾਵਾਂ ਨੂੰ ਪਾ ਕੇ ਆਪਣਾ ਨਿਤ ਸਾਧਨ ਕਰਦੇ। ਭਗਵਾਨ ਦੇ ਉਪਕਾਰਾਂ ਨੂੰ ਤੇ ਉਨਾ ਸਬੰਧੀ ਆਪਣੀਆਂ ਹੀਨਤਾਵਾਂ ਨੂੰ ਲਿਖਦੇ। ਉਨ੍ਹਾ ਦੇ ਸਾਧਨਾਂ ਦੇ ਬਹੁਤ ਪੱਤਰ ਛਪੇ ਹੋਏ ਸਨ। ਉਨ੍ਹਾ ਅੰਦਰ ਗੁਰੂ ਅਨੁਰਾਗ ਦੀ ਲਾਲਸਾ ਪੈਦਾ ਹੋ ਰਹੀ ਸੀ। ਉਹ ਦਿੱਲੀ ਨਿਵਾਸੀ ਸਨ। ਐਪਰ ਧਰਮ ਬਿਨਾ ਦਿੱਲੀ ਨੂੰ ਸੁੱਨੀ ਮਹਿਸੂਸ ਕਰਦੇ ਸਨ।

ਆਪ ਦਾ ਸੁਭਾਉ ਬਹੁਤ ਸ਼ਾਂਤ, ਸ਼ੁਸ਼ੀਲ, ਗੰਭੀਰ ਸ਼ੀਤਲ, ਬਿਨਾ ਦਿਖਾਵੇ ਤੇ ਠੋਸ ਕੰਮ ਕਰਨ ਵਾਲਾ ਸੀ। ਆਪ ਬਹੁਤ ਵਡੇ ਸੇਵਕਾਰੀ, ਬਹੁਤ ਵੱਡੇ ਸ਼ਿਸ਼ਟਾਚਾਰੀ, ਬਹੁਤ ਸਦ ਚਰਿਤ ਧਾਰੀ ਤੇ ਹਲੀਮ ਸਨ। ਆਪ ਬਹੁਤ ਹਮਦਰਦ, ਪਰਉਪਕਾਰੀ ਜੀਵਨ ਰਖਦੇ ਸਨ। ਉਨ੍ਹਾ ਦਾ ਸੁਭਾਉ ਮਿੱਠਾ ਸੀ। ਉਹ ਦੂਜਿਆਂ ਤੇ ਬਹੁਤ ਸੁੰਦਰ ਪ੍ਰਭਾਵ ਪਾਉਂਦੇ ਸਨ।

ਦੇਵ ਆਤਮਾ ਦੇ ਕਾਰਜ ਨੇ ਉਨ੍ਹਾਂ ਨੂੰ ਇਕ ਬਹੁਤ ਉੱਚ ਪਾਏ ਦੀ ਹਸਤੀ ਬਣਾ ਦਿੱਤਾ ਸੀ। ਆਪ ਵਿਸ਼ੁੱਧ ਪਰਉਪਕਾਰੀ ਸਨ। ਆਪ ਬਹੁਤ ਸਹਿਨਸ਼ੀਲ, ਤੇ ਸ਼ਾਂਤ ਸੁਭਾ ਰਖਦੇ ਸਨ। ਸਫਾਈ, ਤਰਤੀਬ, ਫਰਜ਼ ਦੀ ਆਦਾਇਗੀ, ਮਿਲਨ ਸਾਰ ਅਤੇ ਸਦਾ ਖਿੜੇ ਚਿਹਰੇ ਰਹਿੰਦੇ ਸਨ। ਆਪ ਬਹੁਤ ਕਾਬਲ ਤੇ ਉੱਚ ਦਰਜੇ ਦੇ ਸੇਵਾਕਾਰੀ ਸਨ।

ਆਪ ਬਹੁਤ ਨਰਮ ਦਿਲ ਇਨਸਾਨ ਸਨ। ਬਚਿਆਂ ਤੇ ਇਸਤਰੀਆਂ ਪ੍ਰਤੀ ਖਾਸ ਹਮਦਰਦੀ ਰਖਦੇ ਸਨ। ਪਰਲੇ ਦਰਜੇ ਦੇ ਨਫੀਸ ਤੇ ਸ਼ਰਾਫਤ ਦੇ ਪੁਤਲੇ ਸਨ। ਉਹ ਬੁਰਾ ਸਲੂਕ ਪਾਕੇ ਵੀ ਭਲਾ ਕਰਨ ਵਾਲੇ ਸਨ। ਉਹ ਦੇਵ ਸਮਾਜ ਦੇ ਇਕ ਰਤਨ ਸਨ, ਉਹ ਖਾਮੋਸ਼ ਐਪਰ ਠੋਸ ਵਰਕਰ ਸਨ। ਲੜਾਈ ਝਗੜੇ ਤੋਂ ਦੂਰ ਰਹਿੰਦੇ ਸਨ। ਸ਼ਾਨਤੀ ਪ੍ਰੀਏ ਸਨ।

ਆਪ ਦੀ ਧਰਮ ਪਤਨੀ ਜੀ ਨੇ ਆਪ ਦਾ ਪੂਰਾ ਸਾਥ ਦਿੱਤਾ। ਜਦੋਂ ਆਪ ਨੇ ਸੌ ਰੁਪਏ ਦੀ ਨੌਕਰੀ ਛੱਡੀ ਤੇ 30 ਰੁਪਏ ਪੈਨਸ਼ਨ ਲਈ। ਆਪ ਨੇ ਪੂਰਾ ਸਹਿਯੋਗ ਦਿਤਾ। ਆਪ ਵੀ ਗੁਰੂ ਮਹਾਰਾਜ ਦੀ ਸੇਵਕਾ ਬਣੀਆਂ। ਆਪ ਛੇਤੀ ਹੀ ਸੰਸਾਰ ਤੋਂ ਚਲੀਆਂ ਗਈਆਂ। ਐਪਰ ਲਾਲਾ ਜੀ ਬਰਾਬਰ ਪਰਉਪਕਾਰ ਵਿੱਚ ਜੁਟੇ ਰਹੇ।

ਲਾਲਾ ਜੀ ਨੇ 24 ਸਾਲ ਸਮਾਜ ਦਾ ਕੰਮ ਕੀਤਾ। ਆਖ਼ਿਰ ਆਪ ਦੀ ਸੇਹਤ ਨੇ ਆਪ ਦਾ ਸਾਥ ਦੇਣਾ ਛੱਡ ਦਿੱਤਾ। 67 ਸਾਲ ਦੀ ਉਮਰ ਵਿੱਚ ਆਪ ਨੂੰ ਦਿਲ ਦੀ ਧੜਕਨ ਦੀ ਸਿਕਾਇਤ ਹੋ ਗਈ।

1938 ਦੀ 25 ਜਨਵਰੀ ਨੂੰ ਆਪ ਫਿਰੋਜ਼ਪੁਰ ਦੋਂ ਬਸ ਫੜਕੇ ਲਾਹੌਰ ਪੁੱਜੇ। ਆਪ ਕਰਾਏ ਤੇ ਤਾਂਗੇ ਤੇ ਚੜਨ ਲਗੇ ਤਾਂ ਆਪ ਦੇ ਦਿਲ ਦੀ ਹਰਕਤ ਬੰਦ ਹੋ ਗਈ। ਉਹ ਪੂਰਣ ਵਫਾਦਾਰੀ ਨਾਲ ਆਪਣਾ ਜੀਵਨ ਸਫਲ ਕਰਕੇ ਪਰਲੋਕ ਸਿਧਾਰ ਗਏ।

ਅਜਿਹੇ ਮਧੁਰ, ਨਰਮ, ਕੋਮਲ, ਸਹਿਨਸ਼ੀਲ, ਖਾਮੋਸ, ਸ਼ਰਾਫਤ ਦੇ ਪੁਤਲੇ ਪਰਉਪਕਾਰੀ, ਸਮਾਜ ਦੇ ਬੁਨਿਆਦੀ ਮੈਂਬਰਾਂ ਚੋਂ ਇੱਕ, ਇਸ ਰਤਨ ਨੂੰ ਸਾਡਾ ਸ਼ਤ ਸ਼ਤ ਪ੍ਰਣਾਮ ਹੈ।

ਹਿਤ ਸਰੋਤ

ਖੰਡ-17 ਜੁਲਾਈ-ਅਗਸਤ 2004 **ਸੰਪਾਦਕ :**

ਅੰਕ -7-8 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਲੈਣ ਜੋ ਤੇਰਾ ਨਾਉਂ

ਲੈਣ ਜੋ ਤੇਰਾ ਨਾਉਂ ਤਿਨਾਂ ਦੇ ਸਦ ਕੁਰਬਾਨੈ ਜਾਉਂ। ਜਿਸ ਮਹਾਨ ਹਸਤੀ ਦੇ ਮੁੱਖ ਤੋਂ ਇਹ ਪੰਕਤੀ ਨਿਕਲੀ ਹੈ, ਉਸ ਦੇ ਚਰਨਾਂ ਵਿੱਚ ਸੀਸ ਰਖਣ ਨੂੰ ਜੀ ਕਰਦਾ ਹੈ। ਇਹ ਸ਼ਬਦ ਅਨੰਤ ਸ਼ਰਧਾ ਦਾ ਪ੍ਰਕਾਸ਼ ਹਨ ਅਤੇ ਆਮ ਮਨੁੱਖ ਨੂੰ ਨਈ ਅਧਿਆਤਮਕ ਸੇਧ ਦੇਣ ਵਾਲੀ ਰੋਸ਼ਨੀ ਨਾਲ ਭਰੇ ਹੋਏ ਹਨ।

ਏਸੇ ਤਰ੍ਹਾਂ ਇਹ ਮੁਬਾਰਕ ਵਾਕ ਹਨ, "ਜਿੱਥੇ ਮਿਲੇ ਗੁਰੂ ਸਿਖੜਾ, ਝੁਕ ਝੁਕ ਲਾਗੂੰ ਪਾਏ ਜੀਓ।"

ਇਹ ਸ਼ਬਦ ਸ਼ਰਧਾ ਦੇ ਅੰਮ੍ਰਿਤ ਨਾਲ ਭਿੱਜੇ ਹੋਏ ਹਨ, "ਜਿਸ ਵਿੱਚ ਗੁਰੂ ਦਾ ਅਤੀ ਡੂੰਗਾ ਸਤਿਕਾਰ ਭਰਿਆ ਹੋਇਆ ਹੈ। ਗੁਰੂ ਨਾਲ ਜੁੜੇ ਸੇਵਕ ਦਾ ਵੀ ਪੂਰਾ ਸਤਿਕਾਰ ਅੰਕਤ ਹੈ।

ਇਹ ਧਾਰਮਕ ਆਤਮਾ ਦੀ ਸੇਹਤ ਭਰੀ ਹਾਲਤ ਜਾਂ ਸੇਹਤਮੰਦ ਹਾਲਤ ਹੈ। ਇਕ ਇਕ ਜਨ ਜੋ ਗੁਰੂ ਲਈ ਸਚਾ ਸਤਿਕਾਰ ਜਾਂ ਕੁਝ ਵੀ ਸ਼ਰਧਾ ਰਖਦਾ ਹੈ, ਉਸ ਲਈ ਜਰੂਰੀ ਹੈ ਕਿ ਉਹ ਆਪਣੇ ਸਾਥੀ ਗੁਰੂ ਸੇਵਕ ਦਾ ਸਤਿਕਾਰ ਕਰੇ, ਉਨ੍ਹਾਂ ਨੂੰ ਆਪਣਾ ਜਾਣੇ, ਉਨ੍ਹਾਂ ਨਾਲ ਸਨੇਹ ਰਖੇ। ਉਨ੍ਹਾਂ ਦੀ ਹੋਂਦ ਨਾਲ ਉਸ ਨੂੰ ਗੁਰੂ ਦੀ ਯਾਦ ਵਿੱਚ ਉਨ੍ਹਾਂ ਨੂੰ ਆਰਾਧਣ ਵਿੱਚ ਸਹਾਇਤਾ ਮਿਲਦੀ ਹੈ ਜੋ ਕਿਸੇ ਹੋਰ ਤੋਂ ਨਹੀਂ ਮਿਲਦੀ। ਇਹ ਅਵਸਥਾ ਹਰ ਧਾਰਮਕ ਵਿਅਕਤੀ ਲਈ, ਅਤੇ ਹਰ ਧਾਰਮਕ ਸਮਾਜ ਲਈ, ਉਨ੍ਹਾਂ ਦੀ ਰਖਿਆ ਲਈ, ਉਨ੍ਹਾਂ ਦੇ ਹਿਤ ਲਈ ਅਤਿਅੰਤ ਜਰੂਰੀ ਹੈ। ਇਹ ਅਵਸਥਾ ਹੀ ਕਿਸੇ ਵੀ ਧਾਰਮਕ ਅਦਾਰੇ, ਪੰਥ ਜਾਂ ਸਮਾਜ ਨੂੰ ਸਾਲਮ ਤੇ ਕਾਇਮ ਰਖਣ ਲਈ ਅਤੀਅੰਤ ਆਵਸ਼ਕ ਹੈ। ਇਸ ਸੇਹਤ ਭਰੀ ਹਾਰਦਿਕ ਅਵਸਥਾ ਦੀ ਅਣਹੋਂਦ ਹੀ, ਪੰਥਾਂ, ਸਮਾਜਾਂ ਜਾਂ ਧਾਰਮਕ ਸੋਸਾਇਟੀਆਂ ਦੇ ਵਿਗਟਣਾਂ ਦੀ ਸਰੋਤ ਹੈ।

ਧਾਰਮਕ ਵਿਅਕਤੀ ਲਈ ਗੁਰੂ ਦਾ ਰੁਤਬਾ ਅਤੀ ਸੈ ਮਹਾਨ ਹੁੰਦਾ ਹੈ। ਉਨ੍ਹਾਂ ਦੇ ਨਾਲ ਜੁੜੇ ਸਾਥੀ ਸੇਵਕ, ਜੋ ਉਨ੍ਹਾਂ ਦੇ ਹੀ ਗੁਰੂ ਦਾ ਨਾਂ ਲੈਂਦੇ ਹੈ, ਗੁਰੂ ਨੂੰ ਸਿਮਰਣ ਕਰਾਉਂਦੇ ਹਨ, ਉਨ੍ਹਾਂ ਦਾ ਸਬੰਧ ਵੀ ਖਾਸ, ਅਪਣਤ, ਸਨੇਹ ਤੇ ਸਤਿਕਾਰ ਵਾਲਾ ਹੁੰਦਾ ਹੈ। ਜਿੱਥੇ ਅਜਿਹਾ ਨਹੀਂ ਉਥੇ ਥੋਥਾ ਪਨ ਆ ਜਾਂਦਾ ਹੈ, ਆਪਣਾ ਸੁਖ, ਆਪਣੀ ਗਰਜ਼ ਆ ਜਾਂਦੀ ਹੈ। ਧਰਮ ਦਾ ਪੱਖ ਹਥੋਂ ਛੁੱਟ ਜਾਂਦਾ ਹੈ।

ਦੇਵ ਆਤਮਾ ਦਾ ਰੁੱਤਬਾ ਅਦੁੱਤੀ ਹੈ। ਅਜਿਹਾ ਗੁਰੂ ਅਜੇ ਤੱਕ ਨਹੀਂ ਹੋਇਆ। ਅਜਿਹੇ ਗੁਰੂ ਨੂੰ ਕੁਝ ਸਮਝਣ ਵਾਲਾ (ਜਿਨ੍ਹਾਂ ਨੂੰ ਕੋਈ ਪਹਿਚਾਣ ਹੀ ਨਹੀਂ ਰਿਹਾ) ਅਜਿਹੇ ਗੁਰੂ ਦੀ ਸ਼ਰਨ ਆਉਣ ਵਾਲਾ, ਐਸੇ ਗੁਰੂ ਦਾ ਸੇਵਕ ਬਣਨ ਵਾਲਾ ਵਿਅਕਤੀ ਵੀ ਖਾਸ ਪਿਆਰੀ ਚੀਜ ਹੁੰਦਾ ਹੈ। ਉਸ ਵਿੱਚ ਨਵਾਂ ਪਰਿਵਰਤਨ ਆਉਂਦਾ ਹੈ। ਉਸ ਵਿੱਚ ਗੁਰੂ ਦੇ ਦੇਵ ਪ੍ਰਭਾਵਾਂ ਦਾ ਕਾਰਜ ਹੋਇਆ ਹੁੰਦਾ ਹੈ। ਉਸ ਅੰਦਰ ਜਿੰਨ੍ਹੀ ਗੁਰੂ ਦੀ ਜੋਤੀ ਸ਼ਕਤੀ ਸੰਚਾਰ ਹੋਈ ਹੈ, ਗੁਰੂ ਦੇ ਪ੍ਰਭਾਵ ਸਰਾਇਤ ਕੀਤੇ ਹਨ, ਉਨ੍ਹਾਂ ਹੀ ਉਸ ਵਿੱਚ ਗੁਰੂ ਦਾ ਅੰਸ਼ ਵਸਿਆ ਹੈ। ਜਿੱਥੇ ਗੁਰੂ ਦਾ ਸਤਿਕਾਰ ਮਹਾਨ ਹੈ, ਉੱਥੇ ਗੁਰੂ ਦੀ ਦਾਤ ਦੇ ਅੰਸ਼

ਦਾ ਸਤਿਕਾਰ ਵੀ ਜਰੂਰੀ ਹੈ। ਜੋ ਓਸ ਅੰਸ਼ ਦਾ ਸਤਿਕਾਰ ਨਹੀਂ ਕਰਦਾ ਉਹ ਗੁਰੂ ਕਾਰਜ ਦਾ ਤੇ ਗੁਰੂ ਦਾ ਵੀ ਅਪਮਾਨ ਕਰਦਾ ਹੈ।

ਇਹ ਸੇਹਤ ਭਰੀ ਆਤਮਕ ਅਵਸਥਾ ਸਰਦਾਰ ਸਾਹਿਬ ਸਰਦਾਰ ਸਾਂਵਣ ਸਿੰਘ ਜੀ ਫਰਿਸਤਾ ਤਹਿਸੀਲਦਾਰ ਜੀ ਨੂੰ ਪ੍ਰਾਪਤ ਸੀ। ਉਨ੍ਹਾਂ ਦੀ ਕਚਹਿਰੀ ਵਿੱਚ, ਇਕ ਅਖੌਤੀ ਹਰੀਜਨ ਐਪਰ ਗੁਰੂ ਦਾ ਸੇਵਕ ਵੀ ਜਦੋਂ ਉਨ੍ਹਾਂ ਨੂੰ ਦਿਸ ਪੈਂਦਾ, ਤਾਂ ਉਹ ਕਚਹਿਰੀ ਦੀ ਕੁਰਸੀ ਛੱਡ ਕੇ ਬਾਹਰ ਆ ਕੇ ਉਸ ਸੇਵਕ ਨੂੰ ਸਤਿ ਦੇਵ ਕੀ ਜੈ ਬੁਲਾਉਂਦੇ, ਅਤੇ ਉਸਦੀ ਪਰਕਰਮਾ ਕਰ ਦੇ, ਤੇ ਇਕ ਵਾਕ ਉਚਾਰਦੇ "ਜਿਥੇ ਮਿਲੇ ਗੁਰੂ ਸਿਖੜਾ, ਝੁਕ ਝੁਕ ਲਾਗੂੰ ਪਾਏ ਜੀਓ।" ਬਾਰ ਬਾਰ ਪਾਕ ਖੁਸ਼ੀ ਨਾਲ ਭਰਕੇ ਉਸ ਨੂੰ ਪ੍ਰਣਾਮ ਕਰਦੇ।

ਇਸ ਤੋਂ ਵੀ ਉੱਚ ਅਵਸਥਾ ਸ਼ਰਧੇ ਸ੍ਰੀਮਾਨ ਦੇਵਤ ਸਿੰਘ ਜੀ ਦੀ ਸੀ, ਉਹ ਹਰ ਰੋਜ ਸਵੇਰੇ ਉਠ ਕੇ ਸਾਥੀ ਕਰਮਚਾਰੀਆਂ (ਜੋ ਸਭ ਉਨ੍ਹਾਂ ਤੋਂ ਛੋਟੇ ਅਤੇ ਨੀਵੇਂ ਤੇ ਆਧੀਣ ਸਨ) ਦੇ ਦਰਾਂ ਤੇ ਜਾ ਕੇ ਪ੍ਰਣਾਮ ਕਰਦੇ ਸਨ।

ਗੁਰੂ ਮਹਾਰਾਜ ਨੇ ਇਸ ਸਬੰਧ ਵਿੱਚ ਫਰਮਾਇਆ ਹੈ :-

"ਜੋ ਆਤਮਾ ਜਿੱਥੋਂ ਤੱਕ ਗਾੜ੍ਹ ਰੂਪ ਵਿੱਚ ਮੇਰੇ ਨਾਲ ਜੁੜਿਆ ਹੋਇਆ ਹੋਵੇ ਉੱਥੋਂ ਤੱਕ ਉਸ ਦੇ ਲਈ ਜਰੂਰੀ ਹੈ ਕਿ ਉਹ ਕੁਲ ਅਜਿਹੇ ਜਨ੍ਹਾਂ ਨੂੰ ਜੋ ਮੇ ਰੇ ਸਾਥ ਜੁੜੇ ਹੋਏ ਹਨ, ਅਤੇ ਜਿਨ੍ਹਾਂ ਤੇ ਜਿੱਥੋਂ ਤਕ ਮੇ ਰਾ ਅਧਿਕਾਰ ਹੋ ਚੁੱਕਿਆ ਹੋਵੇ, ਇਜਤ ਅਤੇ ਮੁਹੱਬਤ ਦੀਆਂ ਅੱਖਾਂ ਨਾਲ ਦੇਖੇ, ਅਤੇ ਆਪਣੇ ਆਪ ਨੂੰ ਉਨ੍ਹਾਂ ਦਾ ਅਤੇ ਉਨ੍ਹਾਂ ਨੂੰ ਆਪਣਾ ਸਮਝੇ। ਐਪਰ ਜਿਸ ਦੀ ਅਜੇਹੀ ਗਤੀ ਨਹੀਂ ਹੈ, ਉਹ ਮੇਰਾ ਨਹੀਂ ਹੋ ਸਕਦਾ ਹੈ।"

ਇਹ ਬਾਣੀ ਸਾਫ ਜਾਹਿਰ ਕਰਦੀ ਹੈ ਕਿ ਜੋ ਇਨਸਾਨ ਸਾਥੀ ਸੇਵਕਾਂ ਨੂੰ ਆਪਣਾ ਨਹੀਂ ਸਕਝਦਾ, ਜੋ ਉਨ੍ਹਾਂ ਨੂੰ ਪਿਆਰ ਮੁਹੰਬਤ ਤੇ ਇਜ਼ਤ ਦੀਆਂ ਅਖਾਂ ਨਾਲ ਨਹੀਂ ਵੇਖਦਾ, ਉਹ ਗੁਰੂ ਦਾ ਵੀ ਨਹੀਂ ਹੋ ਸਕਦਾ। ਅਰਥਾਤ ਉਸ ਅੰਦਰ ਗੁਰੂ ਮਹਾਰਾਜ ਪ੍ਰਤੀ ਵੀ ਕੋਈ ਸਤਿਕਾਰ ਤੇ ਇਜ਼ਤ ਨਹੀਂ ਰਹਿੰਦੀ।

ਸਾਥੀ ਸੇਵਕ ਦੇਵ ਆਤਮਾ ਦੇ ਅੰਦਰ ਵਿਸ਼ਵਾਸ਼ ਰੱਖਦਾ ਹੋਵੇ, ਅੱਠ ਪਾਪਾਂ ਤੋਂ ਪੂਰਾ ਬੱਚਿਆ ਹੋਇਆ ਹੋਵੇ, ਉਹ ਸਭ ਲਈ ਇਜ਼ਤ ਤੇ ਪਿਆਰ ਨਾਲ ਦੇਖੇ ਜਾਣ ਦੀ ਜੀਜ ਹੈ। ਹੋਰ ਭਾਵੇਂ ਉਸ ਵਿੱਚ ਕੋਈ ਕਮੀਆਂ ਵੀ ਹੋਣ। ਕਮੀਆਂ ਕਿਸ ਅੰਦਰ ਨਹੀਂ?

ਜੋ ਮਨੁੱਖ ਸਾਥੀ ਸੇਵਕਾਂ ਨੂੰ ਜਾਂ ਕਿਸੇ ਵਿਸ਼ੇਸ਼ ਸੇਵਕ ਨੂੰ ਇਜ਼ਤ ਤੇ ਪਿਆਰ ਦੀਆਂ ਅੱਖਾਂ ਲਾਲ ਨਹੀਂ ਵੇਖਦਾ, ਇਸ ਦਾ ਮਤਲਬ ਹੈ ਉਹ ਉਸ ਨੂੰ ਘ੍ਰਿਨਾਂ ਕਰਦਾ ਹੈ।

ਗੁਰੂ ਮਹਾਰਾਜ ਨੇ ਫਰਮਾਇਆ ਹੈ ਕਿ ਘ੍ਰਿਣਾਂ ਕਦੀ ਆਪਣੇ ਦੁਸ਼ਮਣਾ ਨੂੰ ਵੀ ਨ ਕਰੋ ਸਾਥੀ ਸੇਵਕ ਨੂੰ ਘ੍ਰਿਨਾਂ ਤਾਂ ਕਿਸ ਪ੍ਰਕਾਰ ਭਿਆਣਕ ਹੈ ਇਸ ਦਾ ਅੰਦਾਜਾਂ ਨਹੀਂ ਹੋ ਸਕਦਾ।

ਜੋ ਕਿਸੇ ਸੇਵਕ ਨੂੰ ਘ੍ਰਿਣਾਂ ਕਰਦਾ ਹੈ,ਉਸ ਨੂੰ ਤਾਂ ਅੱਗ ਲੱਗੀ ਹੋਈ ਹੈ, ਉਹ ਅੱਗ ਉਸ ਨੂੰ ਵੀ ਜਲਾ ਰਹੀ ਹੈ, ਤੇ ਉਹ ਇਹ ਅੱਗ ਦੂਜਿਆ ਨੂੰ ਲਾਉਣ ਦਾ ਕੰਮ ਕਰਦਾ ਹੈ। ਇਸ ਪ੍ਰਕਾਰ ਆਪਣੀ ਤੇ ਦੂਜਿਆਂ ਦੀ ਭਿਆਣਕ ਤਬਾਹੀ ਕਰ ਰਿਹਾ ਹੈ।

ਅਸੀਂ ਦੁਰਬਲ ਮਨੁੱਖ ਹਾਂ, ਸਾਡੇ ਅੰਦਰ ਮਤ ਭੇਦ ਪੈਦਾ ਹੁੰਦੇ ਹਨ। ਮੱਤ ਭੇਦ ਰੱਖ ਕੇ ਵੀ ਗੁਰੂ ਦਾ ਨਾਂ ਲੈਣ ਵਾਲਿਆਂ ਨੂੰ ਇਜ਼ਤ ਤੇ ਮੁਹਬੱਤ ਕਰਨਾ ਨ ਛੱਡੋ ਨਹੀਂ ਤਾਂ ਤਹਾਨੂੰ ਅੱਗ ਘ੍ਰਿਣਾਂ ਦੀ ਲੱਗਣੀ ਜਰੂਰੀ ਹੈ। ਮੱਤ ਭੇਦ ਜਾਂ ਵਿਚਾਰਾਂ ਦਾ ਫਰਕ ਹੋ ਸਕਦਾ ਹੈ, ਪਰ ਗੁਰੂ ਦਾ ਸੇਵਕ ਹੋਣ ਦਾ ਮਹਾਨ ਸਥਾਣ ਤਾ ਧੋਇਆ ਨਹੀਂ ਜਾ ਸਕਦਾ। ਜੋ ਸਾਥੀ ਸੇ ਵਕਾਂ ਤੋਂ ਦੂਰ ਹੋ ਗਿਆ, ਉਨ੍ਹਾਂ ਨੂੰ ਘ੍ਰਿਣਾਂ ਕਰਦਾ ਹੈ, ਉਨ੍ਹਾ ਨੂੰ ਮਿਲਣਾ ਜੁਲਣਾ ਗਲ ਬਾਤ ਕਰਨਾ ਨਹੀਂ ਚਾਹੁੰਦਾ, ਉਹ ਤਾਂ ਨੀਚ ਘ੍ਰਿਣਾਂ ਦੀ ਅੱਗ ਨਾਲ ਬਲ ਰਿਹਾ ਹੈ।

ਸੇਵਕ ਤੋਂ ਕਿਨਾਰਾ ਕਸ਼ੀ ਕਦੋਂ ਵਾਜਬ ਹੈ? ਜਦ ਉਹ ਪਾਪ ਪ੍ਰਤਿਗਿਆ ਤੋੜਣ ਵਿੱਚ ਲਾ ਇਲਾਜ ਹੋ ਜਾਵੇ, ਜਾਂ ਗੁਰੂ ਦਾ, ਦੇਵ ਆਤਮਾ ਦਾ ਵਿਰੋਧੀ ਹੋ ਕੇ ਦੋੱਖੀ ਬਣ ਜਾਵੇ। ਸੇਵਕ ਸਾਥੀ ਆਤਮਕ ਰੋਗੀ ਹੁੰਦੇ ਹਨ। ਉਨ੍ਹਾਂ ਲਈ ਆਤਮਕ ਹਮਦਰਦੀ ਤੇ ਪਿਆਰ ਦੀ ਲੋੜ ਹੈ। ਭਾਵੇਂ ਉਹ ਸਾਡਾ ਅਪਮਾਨ ਕਰਨ। "ਗਲਤ ਜਾਤਾ ਹੋ ਗਰ ਕੋਈ ਧਰਮ ਮਾਰਗ ਸੇ ਭੂਲਾ ਹੋ,

ਮੁਹੱਬਤ ਸੇ ਉਸੇ ਦੇਣਾ, ਧਰਮ ਦਾ ਗਿਆਨ ਵਾਜਬ ਹੈ।

ਹਰ ਜਨ ਨੂੰ ਮੁਹੱਬਤ ਕਰਨਾ ਪਹਿਲਾ ਕੰਮ ਹੈ। ਇਸ ਦਾ ਪਾਸ ਰੱਖਕੇ, ਮਨੁੱਖ ਦੁਸ਼ਮਣਾਂ ਨੂੰ ਵੀ ਘ੍ਰਿਣਾਂ ਕਰਨੋ ਬੱਚ ਸਕਦਾ ਹੈ।

ਧਰਮ ਸਮਾਜਾਂ ਦੇ ਪਰਬੰਧ ਕਰਤਾਵਾਂ ਨੂੰ ਨੀਚ ਘ੍ਰਿਨਾਂ ਤੋਂ ਮੁਕਤ ਹੋਣਾ ਤਾਂ ਅਤੀ ਅੰਤ ਜਰੂਰੀ ਹੈ। ਨਹੀਂ ਤਾਂ ਉਸ ਧਰਮ ਸਮਾਜ ਨੂੰ ਅੱਗ ਲਗਣੋਂ ਬੱਚ ਨਹੀਂ ਸਕਦੀ।

ਗੁਰੂਆਂ ਦੇ ਚਲੇ ਜਾਣ ਪਿੱਛੋਂ ਅਕਸਰ ਧਰਮ ਸੰਸਥਾਵਾਂ ਦੇ ਪ੍ਰਬੰਧ ਮਨੁੱਖ ਹੀ ਕਰਦੇ ਹਨ। ਉਹਨਾਂ ਮਨੁੱਖ ਦਾ ਨੀਚ ਘ੍ਰਿਣਾਂ ਤੋਂ ਮੁਕਤ ਹੋਣਾ ਜਰੂਰੀ ਹੈ ਨਹੀਂ ਤਾਂ ਉਨਾਂ ਲਈ ਅਸੰਭਵ ਹੋ ਜਾਵੇਗਾ ਕੇ ਉਹ ਆਪਣੇ ਨਾਮ, ਪੱਦ, ਸੁਖ ਆਰਾਮ ਜਾਂ ਕਿਸੇ ਆਪਣੀ ਹੋਰ ਇੱਛਾ ਦੇ ਖਿਲਾਫ ਕਿਸੇ ਚੰਗੇ ਤੋਂ ਚੰਗੇ ਸੇਵਕ ਨੂੰ ਜਾ ਸਮਮਤ ਜੀਵਨ ਅਰਪਣ ਕਾਰੀ ਕਰਮਚਾਰੀ ਨੂੰ ਵੀ ਘ੍ਰਿਨਾਂ ਨ ਕਰਨ ਤੇ ਉਨ੍ਹਾਂ ਨੂੰ ਅਨੁਚਿਤ ਦੁੱਖ ਤੇ ਹਾਨੀ ਨਾ ਪਹੁੰਚਾਉਣ। ਆਪਣੇ ਦੋਖੀ ਜਾਂ ਨਪਸੰਦ ਸੇਵਕ ਨੂੰ ਵੀ ਘ੍ਰਿਣਾਂ ਕਰਨਾ ਵਾਜਬ ਨਹੀਂ। ਆਪਣਾ ਦੋਖੀ ਗੁਰੂ ਦਾ ਦੋਖੀ ਨਹੀਂ ਹੁੰਦਾ।

ਨੀਚ ਘ੍ਰਿਣਾਂ ਦੀ ਅੱਗ ਜੇ ਪ੍ਰਬੰਧਕ ਨੂੰ ਹੀ ਲੱਗ ਜਾਵੇ ਤਾਂ ਫੇਰ ਤਾਂ ਭਿਆਨਕ ਭੁਚਾਲ ਹੀ ਆ ਜਾਂਦਾ ਹੈ ਤੇ ਉਹ ਆਪ ਤਾਂ ਰਾਖ ਹੋਣ ਦੇ ਮਾਰਗ ਤੇ ਪੈ ਹੀ ਜਾਂਦਾ ਹੈ, ਉਹ ਜਿਸ ਸੇਵਕ ਕਰਮਚਾਰੀ ਨੂੰ ਵੀ ਆਪਣੀ ਮਨ-ਵਾਂਛਤ ਚਾਲ ਦੇ ਵਿਰੁਧ ਪਾ ਕੇ, ਉਸ ਨੂੰ ਆਪਣੇ ਸ਼ਤਰੂ ਦੇ ਰੂਪ ਵਿੱਚ ਦੇਖੇ ਬਿਨ੍ਹਾਂ ਤੇ ਉਸ ਨੂੰ ਹਾਨੀ ਪੁਚਾਏ ਬਿਨ੍ਹਾਂ , ਤੇ ਧਰਮ ਸਮਾਜ ਨੂੰ ਅੱਗ ਲਾਏ ਬਿਨ੍ਹਾਂ ਨਹੀਂ ਰਹਿ ਸਕਦਾ। ਉਹ ਖਾਨਾ ਚੰਗੀ ਪੈਦਾ ਕਰਨ ਦਾ ਕੰਮ ਕਰਦਾ ਹੈ।

ਈਸਾ ਮਸੀਹ ਨੇ ਕਿਹਾ ਹੈ, Love thy Neighbour, Love thy Enemy ਐਪਰ ਮਨੁੱਖ ਹੈ ਬੜਾ ਦੁਰਬਲ, ਇਹ ਆਪਣੇ ਸੁਖ ਦੇ ਖਿਲਾਫ ਆਪਣੇ, ਮਾਂ ਬਾਪ, ਭਾਈ ਭੈਣ, ਪੁਤਰ, ਪਤਨੀ ਤਕ ਨੂੰ ਮੁਆਫ ਨਹੀਂ ਕਰ ਸਕਦਾ। ਉਸ ਸੂਰਤ ਵਿੱਚ ਸਾਥੀ ਸੇਵਕ, ਗੁਰੂ ਦੇ ਨਾਮ ਲੇਵਾ ਉਸ ਦੇ ਕੀ ਲਗਦੇ ਹਨ?

ਗੁਰੂ ਮਹਾਰਾਜ ਨੇ ਇਸ ਵਿਸ਼ੇ ਵਿੱਚ ਫਰਮਾਇਆ ਹੈ

"ਜਿਨ੍ਹਾਂ ਨੇ ਆਪਣੇ ਆਪ ਨੂੰ ਮੇਰੇ ਮਿਸ਼ਨ ਦੇ ਲਈ ਭੇਂਟ ਕਰਕੇ, ਮੇਰੀ ਖੁਸ਼ਖਬਰੀ ਤੇ ਪਰਚਾਰ, ਤੇ ਆਤਮਾਵਾਂ ਦੇ ਉਧਾਰ ਅਤੇ ਉਨ੍ਹਾਂ ਨੂੰ ਮੇਰੇ ਨਾਲ ਜੋੜਨ ਦਾ ਬਰੱਤ ਲਿਆ ਹੋਵੇ, ਉਨ੍ਹਾਂ ਲਈ ਇਹ ਖਾਸ ਕਰ ਜਰੂਰੀ ਹੈ, ਕਿ ਉਹ ਆਪਣੀ ਪੁਰਾਣੀ ਵਿਕਾਰ ਲਿਪਤ ਅਤੇ ਅਪਵਿੱਤਰ ਅਵਸਥਾ ਤੋਂ ਪੂਰਨ ਮੁਕਤ ਹੋ ਕੇ, ਇਸ ਗਲ ਦਾ ਸਬੂਤ ਦੇਣ ਕਿ ਉਹ ਮੇਰੇ ਬਾਅਦ ਕੁਲ ਪਰਚਾਰਕਾਂ ਨੂੰ ਪ੍ਰੇਮ ਕਰਦੇ ਹੋਣ, ਅਤੇ ਉਨ੍ਹਾਂ ਨਾਲ ਕਿਸੇ ਪ੍ਰਕਾਰ ਦਿਵੇਸ਼ ਜਾਂ ਈਰਖਾ ਭਾਵ ਨਹੀਂ ਰਖਦੇ, ਅਤੇ ਕਿਸੇ ਨੂੰ ਵੀ ਆਪਣੇ ਤੋਂ ਬਹਤਰ ਤੇ ਉਨੱਤ ਹੁੰਦਾ ਦੇਖ ਕੇ ਕੁੜਦੇ ਨਹੀ, ਸਗੋਂ ਖੁਸ਼ ਹੁੰਦੇ ਹਨ, ਅਤੇ ਆਪਣੇ ਨਾਮ ਜਾਂ ਪਦ, ਆਰਾਮ ਜਾਂ ਕਿਸੇ ਹੋਰ ਗਲ ਨੂੰ ਸਨਮੁਖ ਰੱਖ ਕੇ ਮਿਸ਼ਨ ਦੀ ਸੱਚੀ ਮਹਿਮਾਂ ਅਤੇ ਉਸ ਦੇ ਪ੍ਰਬੰਧ ਸਬੰਧੀ ਕੋਈ ਖਰਾਬੀ ਜਾਂ ਵਿਘਨ ਨਹੀਂ ਪੈਦਾ ਕਰਦੇ ਹਨ।"

ਇਸ ਲਈ ਸਾਥੀ ਸੇਵਕਾਂ ਨੂੰ, ਖਾਸ ਕਰ ਉੱਚ ਪੱਧਰ ਦੇ ਕਰਮਚਾਰੀਆਂ ਨੂੰ, ਗੁਰੂ ਦੇ ਨਾਮ ਨੂੰ ਕਦੀ ਘਿਰਣਾਂ ਨ ਕਰੋ, ਅਤੇ ਉਨ੍ਹਾਂ ਨੂੰ ਸਦਾ ਆਪਣਾ, ਇਜ਼ਤ ਤੇ ਮੁਹਬੱਤ ਨਾਲ ਦੇਖਣ ਦਾ ਪੂਰਾ ਯਤਨ ਕਰੀਏ, ਨਹੀਂ ਤਾਂ ਅਸੀਂ ਗੁਰੂ ਮਿਸ਼ਨ ਨੂੰ ਹੀ ਅੱਗ ਲਾਉਣ ਵਾਲੇ, ਤੇ ਮਹਾਂ ਨਾਸ਼ ਦੇ ਹੇਤੂ ਹੋਵਾਂਗੇ।

ਪ੍ਰਿੰਸੀਪਲ ਪ੍ਰੇਮ ਬਲ ਜੀ

ਮਾਨਯੋਗ ਪ੍ਰਿੰਸੀਪਲ ਪ੍ਰੇਮ ਬਲ ਜੀ ਸਬੰਧੀ ਰਾਮ ਸੁੱਖ ਦਾਸ ਕਾਲਜ ਛੱਡਣ ਦਾ ਹਾਲ ਪਹਿਲਾਂ ਛੱਪ ਚੁੱਕਿਆ ਹੈ। ਹੁਣ ਉਸ ਤੋਂ ਅਗੇ ਦਾ ਵਰਤਾਂਤ ਦਿੰਦੇ ਹਾਂ।

ਉਨ੍ਹਾਂ ਅੰਦਰ ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦੇ ਸੰਬੰਧ ਵਿੱਚ ਠੋਸ ਵਿਸ਼ਵਾਸ਼ ਅਤੇ ਸ਼ਰਧਾ ਭਾਵ ਵਰਤਮਾਨ ਸੀ। ਇਸ ਲਈ ਉਨ੍ਹਾਂ ਦੇ ਅੰਦਰ ਗੁਰੂ ਦਾ ਮਹਾਨ ਕਾਰਜ ਫੈਲਾਉਣ ਦੀ ਜੋਰਦਾਰ ਇਛਿਆ ਤੇ ਸੰਕਲਪ ਸੀ। ਇਸ ਚੀਜ ਨੇ ਉਨ੍ਹਾਂ ਤੋਂ ਅਜਿਹਾ ਅਦਭੁਤ ਕਾਰਜ ਕਰਾਇਆ। ਵਿਰੋਧੀ ਹਾਲਾਤ ਵਿੱਚ ਵੀ ਸਤਿ ਨੇਚਰ ਦੇ ਵਿਕਾਸ ਦੇ ਨੇਮ ਤੇ ਪੂਰਨ ਵਿਸ਼ਵਾਸ ਦੇ ਨਾਲ ਉਨ੍ਹਾਂ ਨੇ ਇਸ ਕਠਿਨ ਕੰਮ ਦੇ ਅੰਦਰ, ਘੋਰ ਸੰਗਰਾਮ ਕਰਕੇ ਖਾਸ ਸਫਲਤਾ ਪ੍ਰਾਪਤ ਕੀਤੀ।

ਅਪ੍ਰੈਲ ਮਈ ਸਨ 1935 ਵਿੱਚ ਬੀ. ਏ. ਦੀ ਪ੍ਰੀਖਿਆ ਤੋਂ ਫਾਰਗ ਹੋ ਕੇ, ਉਨ੍ਹਾਂ ਦੇ ਜੀਵਨ ਵਿੱਚ ਇਕ ਬਹੁਤ ਹੀ ਸੁੰਦਰ ਘਟਨਾ ਘਟੀ ਜਿਸ ਨੇ ਨ ਕੇਵਲ ਉਨ੍ਹਾਂ ਦੇ ਆਪਣੇ ਸਗੋਂ ਦੇਵ ਸਮਾਜ ਦੇ ਇਤਿਹਾਸ ਵਿੱਚ ਵੀ ਮਹੱਤਵ ਪੂਰਨ ਪ੍ਰਭਾਵ ਪਾਇਆ। ਇਕ ਪ੍ਰਕਾਰ ਨਾਲ ਉਹ ਅੰਬਾਲੇ ਦੇ ਪਛੜੇ ਇਲਾਕੇ ਦੇ ਭਾਗ ਖੁਲ੍ਹਣ ਵਾਲੀ ਗੱਲ ਸਿੱਧ ਹੋਈ। ਉਨ੍ਹਾਂ ਦੀ ਸ਼ਾਦੀ ਮਾਨਯੋਗ ਸ਼੍ਰੀਮਤੀ ਵਿਦਿਆ ਵਤੀ ਜੀ ਨਾਲ 18 ਮਈ 1935 ਨੂੰ ਦੇਵ ਸਮਾਜ ਧਰਮ ਵਿਕਾਸ਼ਾਲਾ ਮੋਗਾ ਦੇ ਉੱਚ ਪ੍ਰਭਾਵਸ਼ਾਲੀ ਮੰਡਲ ਵਿੱਚ ਹੋਈ। ਅਤੀ ਖੁਸ਼ੀ ਤੇ ਸੁਭਾਗ ਦੀ ਗੱਲ ਹੈ ਕਿ ਸ਼੍ਰੀਮਤੀ ਵਿੱਦਿਆ ਵਤੀ ਜੀ ਵੀ ਸ਼੍ਰੀਮਾਨ ਪ੍ਰੇਮਬਲ ਜੀ ਵਾਂਗ ਦੇਵ ਸਮਾਜ ਦੇ ਇਕ ਖਾਸ ਪਰਿਵਾਰ ਦੀ ਸਪੁੱਤਰੀ ਹਨ। ਉਨ੍ਹਾਂ ਦੇ ਸ਼ਰਧੇ ਦਾਦਾ ਸ਼੍ਰੀਮਾਨ ਡਾਕਟਰ ਸ਼ਿਰੀਰਾਮ ਜੀ ਦਿੱਲੀ ਸਨ। ਉਨ੍ਹਾਂ ਦੇ ਜੀਵਨ ਪਰਿਵਰਤਨ ਦੀ ਅਚਰਜ ਭਰੀ ਕਥਾ, ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦੇ ਮਹਾਂ ਸ਼ਕਤੀ ਸ਼ਾਲੀ ਦੇਵ ਪ੍ਰਭਾਵਾਂ ਨਾਲ, ਨੀਚ ਸੁਖਾਂ ਦੇ ਭਿਆਣਕ ਅਨੁਰਾਗਾਂ ਵਿੱਚ ਫਸੇ ਲੋਕਾਂ ਨੂੰ ਬਦਲ ਕੇ ਉੱਚ ਇਨਸਾਨ ਬਨਾਉਣ ਦੇ ਅਦੁੱਤੀ ਮਾਰਗ ਦੀ ਕਰਾਮਾਤ ਕਰਾਉਣ ਵਾਲੀ ਘੱਟਨਾ ਸੀ। ਉਹ ਕੁੱਝ ਧਰਮ ਸਬੰਧੀਆਂ ਦੀ ਪ੍ਰੇਰਨਾ ਨਾਲ 1929 ਦੇ ਮਹੋਤਸਵ ਵਿੱਚ ਲਾਹੌਰ ਆ ਕੇ ਸ਼ਾਮਲ ਹੋਏ। ਉੱਥੋਂ ਦੇ ਜੀਵਨ ਦਾਇਕ ਮੰਡਲ ਅਤੇ ਪ੍ਰਭਾਵਾਂ ਨੇ ਉਨ੍ਹਾ ਦਾ ਨੇਕ ਅਤੇ ਸਰਸ ਦਿਲ ਹਿਲਾ ਦਿੱਤਾ। ਉਹ ਆਪਣੀ ਨੇਕ ਧਰਮ ਪਤਨੀ ਸਹਿਤ ਦੇਵ ਸਮਾਜ ਧਰਮ ਵਿਕਾਸਆਲੇ ਮੋਗਾ ਦੇ ਅਧਿਵੇਸ਼ਨ ਵਿੱਚ ਆ ਕੇ ਸ਼ਾਮਲ ਹੋਏ। ਉਨ੍ਹਾਂ ਉਪਰ ਦੇਵ ਪ੍ਰਭਾਵਾਂ ਨੇ ਏਨਾ ਅਸਰ ਕੀਤਾ ਕਿ ਇਹ ਧਨ ਦੇ ਗੁਲਾਮ ਡਾ: ਸਾਹਿਬ ਆਪਣੀ ਬਹੁਤ ਚੰਗੀ ਆਮਦਨ ਤੇ ਪ੍ਰੈਕਟਸ ਨੂੰ ਛਡ ਕੇ ਮੋਗੇ ਵਿਕਾਸਆਲੇ ਵਿੱਚ, ਉਥੋਂ ਦੀ ਖਾਸ ਹੀ ਸੰਗਤ ਤੇ ਸਿੱਖਿਆ ਤੋਂ ਲਾਭ ਉਠਾਉਣ ਲਈ ਮੋਗੇ ਡੇਰਾ ਡਾਲਣ ਲਈ ਮਜਬੂਰ ਹੋ ਗਏ। 1930 ਦੇ ਅੰਦਰ ਵਿਕਾਸ ਆਲੇ ਦੀ ਬਿਲਡਿੰਗ ਦੇ ਲਈ 20 ਹਜਾਰ ਦੀ ਮੋਟੀ ਰਕਮ ਦਾਨ ਕਰ ਦਿੱਤੀ। ਇਸ ਵਿੱਚ ਵਿੱਦਿਆ ਵਤੀ ਜੀ ਦੇ ਨੇਕ ਹੋਨਹਾਰ ਤੇ ਆਗਿਆ ਕਾਰੀ ਪਿਤਾ, ਪੋਸਟਮਾਸਟਰ ਸਾਹਿਬ ਨੇ ਖੁਸ਼ੀ ਖੁਸ਼ੀ ਸਾਥ ਦਿੱਤਾ ਅਤੇ ਉਹ ਵੀ ਸਮੇਂ ਤੋਂ ਪਹਿਲੋਂ ਰੀਟਾਇਰਮੈਂਟ ਲੈਣ ਲਈ ਤੇ ਵਿਕਾਸ ਆਲੇ ਤੋਂ ਲਾਭ ਉਠਾਉਣ ਲਈ ਡੱਟ ਗਏ। ਆਪਣੇ ਦੁਨਿਆਵੀ ਸੁੱਖ ਆਰਾਮ ਆਦਿ ਤਿਆਗ ਕੇ ਗੁਰੂ ਮਿਸ਼ਨ ਵਿੱਚ ਆਖਰੀ ਦਮ ਤੱਕ ਸੇਵਾਕਾਰੀ ਹੋਏ। ਏਸ ਲਈ ਸ਼੍ਰੀਮਤੀ ਵਿੱਦਿਆ ਵਤੀ ਜੀ ਨੂੰ ਆਪਣੇ ਪੂਰਵਜਾਂ ਤੋਂ ਅਤੀਅੰਤ ਉਤਮ ਤੇ ਕੀਮਤੀ ਧਾਰਮਕ ਪੂੰਜੀ ਪ੍ਰਾਪਤ ਹੋਈ।

ਸ਼੍ਰੀਮਤੀ ਵਿਦਿਆ ਵਤੀ ਜੀ ਨੇ ਮਿਡਲ ਪਾਸ ਕੀਤਾ ਸੀ ਜਦੋਂ ਉਨਾ ਦੇ ਦਾਦਾ ਜੀ ਨੇ ਉਨ੍ਹਾਂ ਨੂੰ ਵੀ ਵਿਕਾਸਆਲੇ ਵਿੱਚ ਧਾਰਮਕ ਸਿੱਖਿਆ ਪ੍ਰਾਪਤ ਕਰਨ ਦੇ ਲਈ ਦਾਖ਼ਲ ਕਰਾ ਦਿੱਤਾ। ਇਸ ਲਈ ਧਰਮ ਵਿਕਾਸਆਲੇ ਦੇ ਉੱਚ ਮੰਡਲ ਅਤੇ ਸਿੱਖਿਆ ਨੇ ਉਨ੍ਹਾਂ ਦੀ ਖਾਸ ਧਾਰਮਕ ਪੂੰਜੀ ਦਾ ਉਨ੍ਹਾ ਦੇ ਆਉਣ ਵਾਲੇ ਜੀਵਨ ਤੇ ਖਾਸ ਹੀ ਪ੍ਰਭਾਵ ਪਾਇਆ। ਉਨ੍ਹਾ ਦਾ ਜੀਵਨ ਇਸ ਉੱਚ ਮਾਹੌਲ ਵਿੱਚ ਖਾਸ ਹੀ ਸਾਂਚੇ ਵਿੱਚ ਢਲ ਗਿਆ। ਅਤੇ ਇਸ ਥਾਂ ਸ਼ਾਦੀ ਹੋਣ ਨਾਲ ਉਹ ਇੱਕ ਖਾਸ ਹੀ ਦੇਵ ਸਮਾਜੀ ਪਰਿਵਾਰ ਅਤੇ ਪਰਮ ਪੂਜਨੀ ਭਗਵਾਨ ਪ੍ਰਤੀ ਖਾਸ ਸ਼ਰਧਾ ਰਖਣ ਵਾਲੇ ਉਤਸਾਹੀ ਜੀਵਨ ਸਾਥੀ ਦੇ ਨਾਲ ਜੁੜ ਗਈਆਂ।

ਸ਼੍ਰੀਮਾਨ ਪ੍ਰੇਮ ਬਲ ਦੀ ਐਫ. ਸੀ. ਕਾਲਜ ਲਾਹੌਰ ਵਿੱਚ ਐਮ. ਏ. ਅੰਗ੍ਰੇਜੀ ਵਿੱਚ ਦਾਖ਼ਲ ਹੋ ਗਏ ਅਤੇ ਸ੍ਰੀਮਤੀ ਵਿੱਦਿਆ ਵਤੀ ਜੀ ਆਪਣੇ ਸੁਸਰਾਲ ਰਾਵਲਪਿੰਡੀ (ਪਾਕਸਤਾਨ) ਚਲੀਆਂ ਗਈਆਂ। ਉੱਥੇ ਨੇੜ ਦੇ ਸਕੂਲ ਵਿੱਚ ਦਾਖ਼ਲ ਹੋ ਗਈਆਂ ਅਤੇ ਥੋੜੇ ਸਮੇਂ ਵਿੱਚ ਉਨ੍ਹਾਂ ਬਹੁਤ ਚੰਗੇ ਨੰਬਰ ਲੈ ਕੇ ਮੈਟ੍ਰਕ ਪਾਸ ਕਰ ਲਈ। 1937 ਵਿੱਚ ਐਮ. ਏ. ਪਾਸ ਕਰਕੇ ਸ਼੍ਰੀਮਾਨ ਪ੍ਰੇਮ ਬਲ ਜੀ ਦੇਵ ਸਮਾਜ ਕਾਲਜ ਫਾਰ ਵਿਮੇਨ ਫਿਰੋਜਪੁਰ ਵਿੱਚ ਥੋੜੀ ਜੇਹੀ ਤਨਖ਼ਾਹ ਤੇ ਇੰਗਲਿਸ਼ ਦੇ ਲੈਕਚਰਾਰ ਲਗ ਗਏ। ਉਸ ਸਮੇਂ ਉਨ੍ਹਾਂ ਨੂੰ ਦਿੱਲੀ ਵਿੱਚ ਬਹੁਤ ਚੰਗੀ ਤਨਖ਼ਾਹ ਮਿਲ ਰਹੀ ਸੀ। ਉਨ੍ਹਾਂ ਬਹੁਤ ਮੇਹਨਤ ਤੇ ਸੰਗਰਾਮ ਨਾਲ ਕਾਲਿਜ ਵਿੱਚ ਲਿਟਰੇਰੀ ਸਰਕਲ ਜਾਰੀ ਕੀਤਾ। ਆਪਣੀਆਂ ਕਲਾਸਾਂ ਦੇ ਚੰਗੇ ਨਤੀਜੇ ਦਿਖਾਉਣ ਵਿੱਚ ਸਫਲ ਹੋਏ। ਏਥੇ ਸ਼੍ਰੀਮਤੀ ਵਿੱਦਿਆ ਵਤੀ ਜੀ ਨੇ 4 ਮਹੀਨਿਆਂ ਵਿੱਚ ਹੀ ਐਫ. ਏ. ਪਾਸ ਕਰ ਲਈ। 1941 ਵਿੱਚ ਵਿਸ਼ੇਸ਼ ਸਨਮਾਨ ਦੇ ਯੋਗ ਪ੍ਰਿੰਸੀਪਲ ਕਨਲ ਸਾਹਿਬ, ਉਨ੍ਹਾਂ ਦੇ ਸਪੁੱਤਰ ਕਾਕਾ ਜੀ, ਪ੍ਰੋਫੈਸਰ ਧਰਮ ਬੀਰ ਜੀ ਆਰ. ਐਸ. ਡੀ. ਕਾਲਜ ਛੱਡ ਕੇ ਦੇਵ ਸਮਾਜ ਕਾਲਜ ਵਿੱਚ ਆ ਗਏ। ਪਹਿਲੇ ਪ੍ਰਿੰਸੀਪਲ ਸ਼੍ਰੀਮਾਨ ਗਿਆਨ ਦੇਵ ਜੀ, ਜੈਨ ਕਾਲਜ ਅੰਬਾਲਾ ਚਲੇ ਗਏ। ਇਨ੍ਹਾਂ ਸਭ ਦੇ ਸੰਗਰਾਮ ਨਾਲ ਦੇਵ ਸਮਾਜ ਕਾਲਜ ਪੰਜਾਬ ਸੂਨੀਵਰਸਟੀ ਲਾਹੌਰ ਨਾਲ ਐਫੀਲੀਏਟਡ ਹੋ ਗਿਆ। 1942 ਵਿੱਚ ਬੀ. ਟੀ. ਅਤੇ 1943 ਐਮ. ਏ. ਫਲਾਸਫੀ ਦੀ ਵੀ ਮਨਜੂਰੀ ਮਿਲ ਗਈ।

1944 ਵਿੱਚ ਦੇਵ ਸਮਾਜ ਕੌਂਸਲ ਨੇ ਮੋਗੇ ਵਿਖੇ ਦੇਵ ਸਮਾਜ ਕਾਲਜ ਖੋਲਣ ਦਾ ਫੈਸਲਾ ਕੀਤਾ। ਇਸ ਲਈ ਸ਼੍ਰੀਮਾਨ ਪ੍ਰੇਮ ਬਲ ਜੀ ਨੂੰ ਪ੍ਰਿੰਸੀਪਲ ਨੀਅਤ ਕਰ ਦਿੱਤਾ। 1946 ਵਿੱਚ ਜਦੋਂ ਐਫ. ਏ. ਦੀ ਦੂਜੀ ਕਲਾਸ ਆਰੰਭ ਹੋਈ ਤਾਂ ਸ਼੍ਰੀਮਾਨ ਅਮਰਨਾਥ ਜੀ ਨੂੰ ਵੀ ਜਿਨ੍ਹਾਂ ਨੇ ਐਮ. ਏ. ਦਾ ਇਮਤਿਹਾਨ ਦਿੱਤਾ ਹੀ ਸੀ, ਉਨ੍ਹਾਂ ਆਪਣੇ ਪਾਸ ਬੁਲਾ ਲਿਆ। ਦੋਵਾਂ ਨੇ ਬੜੀ ਲਗਣ ਦੇ ਨਾਲ ਕਮ ਕਰਨਾ ਸ਼ਰੂ ਕਰ ਦਿੱਤਾ। ਦਿੱਲੀ ਤੇ ਹੋਰ ਕਈ ਥਾਵਾਂ ਤੋਂ ਦਾਨ ਮੰਗਿਆ ਅਤੇ 1947 ਵਿੱਚ ਲੜਕੀਆਂ ਦਾ ਹੋਸਟਲ ਬਨਾਉਣ ਲਈ ਦਾਨ ਅਕੱਠਾ ਕੀਤਾ। ਸ਼੍ਰੀਮਾਨ ਪ੍ਰੇਮ ਬਲ ਜੀ ਨੇ ਇਸ ਲਈ ਬੜਾ ਹੀ ਸੰਗਰਾਮ ਕੀਤਾ। ਕਈ ਕਈ ਘੰਟੇ ਕੜਕਦੀ ਧੁੱਪ ਵਿੱਚ ਖਲੋ ਖਲੋ ਕੇ ਸੀਮਿੰਟ ਦੇ ਪਰਮਟ ਲਏ। ਇੱਟਾਂ ਦੇ ਲਈ ਇਕ ਭੱਠੇ ਵਾਲੇ ਨਾਲ ਗਲ ਬਾਤ ਕੀਤੀ। ਉਸ ਕਿਹਾ ਕਿ ਜੇ ਤੁਸੀਂ ਮੈਨੂੰ 3 ਵੈਗਣ ਕੋਇਲੇ ਦੇ ਲੈ ਦਿਉ ਤਾਂ ਤੁਹਾਨੂੰ ਇੱਟ 25 ਰੁਪਏ ਹਾਜਾਰ ਦੀ ਥਾਂ 15 ਰੁਪਏ ਹਜਾਰ ਦੇ ਦੇਵਾਂਗਾ। ਇਹ ਜੂਨ 1947 ਦੀ ਗਲ ਹੈ। ਸ਼੍ਰੀਮਾਨ ਪ੍ਰੇਮਬਲ ਜੀ ਨੇ ਆਪਣੇ ਮਿੱਤਰ ਸ਼੍ਰੀ ਰਾਮ ਪ੍ਰਸ਼ਾਦ ਆਰਕੀਟੈਕਟ ਨਾਲ ਫੋਨ ਤੇ ਲਾਹੌਰ ਗੱਲ ਕੀਤੀ। ਉਨ੍ਹਾਂ ਲਾਹੌਰ ਆ ਕੇ ਪਰਮਿੱਟ ਲੈ ਜਾਣ ਲਈ ਕਿਹਾ। ਉਹ ਬੜਾ ਹੀ ਭਿਆਨਕ ਸਮਾਂ ਸੀ। ਲਾਹੌਰ ਵਿੱਚ ਮਾਰ ਧਾੜ ਹੋ ਰਹੀ ਸੀ। ਖਾਸ ਕਰ ਹਿੰਦੂ ਤਾਂ ਬਿਲਕੁਲ ਹੀ ਮਹਿਫੂਜ ਨਹੀਂ ਸਨ। ਉਸ ਵਰ੍ਹਦੀ ਅੱਗ ਵਿੱਚ ਵੀ ਉਸ ਦਲੇਰ ਨੌਜਵਾਨ ਨੇ ਕਾਲਜ ਦੀ ਖਾਤਰ ਇਹ ਜੋਖਮ ਦਾ ਕੰਮ ਕਰਨ ਦਾ ਇਰਾਦਾ ਕਰ ਲਿਆ। ਉਹ ਪ੍ਰੋਫੈਸਰ

ਅਮਰਨਾਥ ਜੀ ਨੂੰ ਨਾਲ ਲੈ ਕੇ, ਬਿਨਾਂ ਕਿਸੇ ਨੂੰ ਦੱਸੇ ਲਾਹੌਰ ਪੁੱਜ ਗਏ। ਬਚਦੇ ਬਚਾਉਂਦੇ ਪੈਦਲ ਹੀ ਨਿਸਬਤ ਰੋਡ ਤੇ ਸ਼੍ਰੀ ਰਾਮ ਪ੍ਰਸਾਦ ਜੀ ਦੇ ਦਫਤਰ ਪੁੱਜੇ। ਉਨ੍ਹਾਂ ਨੇ ਸਿਵਲ ਸਪਲਾਈ ਦੇ ਦਫਰਤ ਜਾ ਕੇ 3 ਵੈਗਣਾ ਕੋਇਲੇ ਦੇ ਪਰਮਟ ਦਵਾ ਦਿੱਤੇ। ਜਿਸ ਰਾਹ ਤੇ ਚਲ ਕੇ ਉਹ ਬਸ ਅੱਡੇ ਪੁੱਜੇ, ਉਥੇ ਉਨ੍ਹਾਂ ਨੂੰ ਇਕ ਛੁਰੇ ਬਾਜੀ ਦੀ ਘੱਟਨਾ ਦਾ ਪਤਾ ਲੱਗਾ। ਵਾਪਸ ਪੁੱਜਨ ਤੇ ਸਭ ਵੱਡਿਆ ਨੇ ਨਾਰਾਜ਼ਗੀ ਦਾ ਇਜ਼ਹਾਰ ਕੀਤਾ। ਐਪਰ ਇਸ ਕੁਰਬਾਨੀ ਭਰੀ ਮੇਹਨਤ ਤੇ ਸੰਗਰਾਮ ਨਾਲ ਹੋਸਟਲ ਦੀ ਸ਼ਾਨਦਾਰ ਇਮਾਰਤ ਬਣ ਗਈ ਜਿਸ ਵਿੱਚ ਰਿਹਾਇਸ਼ੀ ਕਮਰੇ, ਕਿਚਨ, ਬਾਥਰੂਮ, ਟੁਆਇਲਟ, ਸਭ ਕੁਝ ਸੀ। ਸ਼੍ਰੀਮਾਨ ਗੋਪੀ ਚੰਦ ਜੀ ਕਰਮਚਾਰੀ ਦੇਵ ਸਮਾਜ ਨੇ ਇਹ ਇਮਾਰਤ ਬਨਾਉਣ ਵਿੱਚ ਬੜੀ ਸੇਵਾ ਕੀਤੀ। ਐਪਰ ਕਾਲਜ ਨੂੰ ਇਸ ਤੋਂ ਲਾਭ ਉਠਾਉਣ ਦਾ ਅਵਸਰ ਨ ਮਿਲਿਆ। ਦੇਸ਼ ਦਾ ਬੰਟਵਾਰਾ ਹੋ ਗਿਆ। ਬੜੇ ਹੀ ਵਿਰੋਧੀ ਹਾਲਾਤ ਪੈਦਾ ਹੋ ਗਏ। ਅਮਨ ਚੈਨ ਦਾ ਖਤਰਾ ਪੈਦਾ ਹੋ ਗਿਆ। ਉਸ ਵਾਤਾਵਰਨ ਵਿੱਚ ਲੜਕੀਆਂ ਦਾ ਕਾਲਜ ਬੰਦ ਕਰਨਾ ਪੈ ਗਿਆ। ਉਸ ਬਿਲਡੰਗ ਵਿੱਚ ਨਾਰੀ ਆਸ਼ਰਮ ਜਾਰੀ ਹੋ ਗਿਆ।

ਏਸ ਤੋਂ ਪਿੱਛੋਂ ਸ਼੍ਰੀਮਾਨ ਪ੍ਰੇਮਬਲ ਜੀ ਤੇ ਅਮਰਨਾਥ ਜੀ ਨੇ ਅੰਬਾਲਾ ਅਤੇ ਦਿੱਲੀ ਦਾ ਦੌਰਾ ਕੀਤਾ ਤੇ ਇਹ ਜਾਇਜ਼ਾ ਲਿਆ ਕਿ ਕਿੱਥੇ ਸੰਸਥਾ ਖੋਲੀ ਜਾ ਸਕਦੀ ਹੈ। ਬਹੁਤ ਹੀ ਭੱਜ ਨੱਠ ਕੀਤੀ ਐਪਰ ਪੈਸੇ ਦੀ ਥੁੜ ਕਾਰਨ ਕੋਈ ਕੋਸ਼ਿਸ਼ ਸਫਲ ਨ ਹੋਈ। ਸ਼੍ਰੀਮਾਨ ਪ੍ਰੇਮਬਲ ਜੀ ਦਿੱਲੀ ਚਲੇ ਗਏ ਅਤੇ ਬੜੀ ਔਖ ਵਿੱਚ ਸਮੇਂ ਗੁਜਾਰਿਆ। ਸ਼੍ਰੀਮਾਨ ਅਮਰਨਾਥ ਜੀ ਫਿਰੋਜ਼ਪੁਰ ਚਲੇ ਗਏ ਜਿੱਥੇ ਉਹ ਫਰਵਰੀ 1948 ਵਿੱਚ ਹਾਲਾਤ ਦੇ ਸੁਧਰਨ ਨਾਲ ਕਾਲਜਾਂ ਦੇ ਖੁਲਣ ਤੇ ਦੇਵ ਸਮਾਜ ਕਾਲਜ ਫਾਰ ਵਿਮਨ ਵਿੱਚ ਅੰਗਰੇਜੀ ਭਾਸ਼ਾ ਦੇ ਲੈਕਚਰਾਰ ਲੱਗ ਗਏ।

ਆਖਰ ਬਹੁਤ ਸੋਚ ਵਿਚਾਰ ਦੇ ਬਾਅਦ ਦੇਵ ਸਮਾਜ ਕੌਂਸਲ ਨੇ ਅੰਬਾਲਾ ਮੰਦਰ ਵਿਖੇ ਲੜਕੀਆਂ ਦਾ ਕਾਲਿਜ ਖੋਲਣ ਦਾ ਫੈਸਲਾ ਕੀਤਾ, ਕਿ ਏਥੇ ਦੇ ਵ ਸਮਾਜ ਕਾਲਜ ਫਾਰ ਗਰਲਜ ਲਾਹੌਰ ਨੂੰ ਫੇਰ ਵਸਾਇਆ ਜਾਵੇ। ਇਸ ਲਈ ਸੈਂਟਰ Govt. ਤੋਂ Rehabilitation grant ਵੀ ਮਿਲਣ ਦੀ ਆਸ਼ਾ ਸੀ। ਇਸ ਕੰਮ ਲਈ ਵੀ ਸ਼੍ਰੀਮਾਨ ਪ੍ਰੇਮ ਬਲ ਜੀ ਨੂੰ ਚੁਣਿਆ ਗਿਆ। ਇਸ ਪ੍ਰਕਾਰ ਸ਼੍ਰੀਮਾਨ ਪ੍ਰੇਮਬਲ ਜੀ ਆਪਣੇ ਪਰਿਵਾਰ ਸਮੇਤ 1948 ਵਿੱਖੇ ਅੰਬਾਲਾ ਪੁੱਜ ਗਏ। ਬੜਾ ਹੀ ਔਖਾ ਸਮਾਂ ਸੀ। ਕੋਈ ਸਹਾਰਾ ਜਾਂ ਸਹਾਇਤਾ ਨਹੀਂ। ਕੇਵਲ ਦੋ ਛੋਟੇ ਛੋਟੇ ਕਮਰੇ। ਬਿਨਾ ਬਿਜਲੀ ਪਾਣੀ ਤੋਂ ਇਕ ਕਮਰੇ ਨੂੰ ਦਫਤਰ ਬਨਾਇਆ ਗਿਆ। ਉਸ ਵਿੱਚ ਦੋ ਮੇਜ, ਇਕ ਪ੍ਰਿੰਸੀਪਲ ਲਈ ਤੇ ਦੂਜਾ ਕਲਰਕ ਦੇ ਲਈ। ਚਾਰ ਕੁਰਸੀਆਂ, ਮੰਦਰ ਦੀ ਉੱਚੀ ਚਾਰ ਦਿਵਾਰੀ ਦੇ ਨਾਲ ਸ਼ੈਡਨੁਮਾ ਕੁਝ ਕਮਰੇ ਬਿਨਾਂ ਖਿੜਕੀਆਂ ਤੇ ਕੰਧਾ ਤੋਂ ਬਨਾਏ ਗਏ। ਇਨ੍ਹਾਂ ਵਿੱਚ ਕਲਾਸਾਂ ਲਾਉਣ ਦਾ ਸੋਚਿਆ ਗਿਆ। ਏਸ ਮੌਕੇ ਕੌਂਸਲ ਦੀ ਆਗਿਆ ਨਾਲ ਫਿਰੋਜ਼ਪੁਰ ਤੋਂ ਹੈਡ ਮਾਸਟਰ ਧਰਮ ਬੀਰ ਜੀ ਨੇ ਕੁਝ ਰਕਮ ਇਸ ਕਾਲਜ ਦੀ ਸਹਾਇਤਾ ਲਈ ਭੇਜੀ, ਜਿਸ ਨਾਲ ਕੁਝ ਸਹਾਰਾ ਮਿਲਿਆ। ਅੰਬਾਲਾ ਦੇ ਉਸ ਸਮੇਂ ਦੇ ਕਮਿਸ਼ਨਰ ਸ੍ਰੀ ਐਮ. ਐਸ. ਰੰਧਾਵਾ ਸਾਹਿਬ ਨੇ ਲਾਇਬਰੇਰੀ ਦੇ ਲਈ ਇਕ ਕਮਰਾ ਬਣਵਾ ਦਿੱਤਾ। ਇਸ ਪ੍ਰਕਾਰ ਅੰਬਾਲੇ ਜਿਹੇ ਪਛੜੇ ਇਲਾਕੇ ਦੇ ਵਿੱਚ ਜਿੱਥੇ ਕੁੜੀਆ ਨੂੰ ਪੜਾਉਣਾ ਬੁਰਾ ਜਾਣਿਆ ਜਾਂਦਾ ਸੀ, ਇਹ ਕਾਲਜ ਜਾਰੀ ਕੀਤੇ ਗਿਆ। ਇਸ ਗਲ ਦਾ ਅਨੁਮਾਨ ਇਸ ਗਲ ਤੋਂ ਹੁੰਦਾ ਹੈ ਕਿ ਉਸ ਵੇਲੇ Govt. ਦੇ ਗਰਲਜ਼ ਹਾਈ ਸਕੂਲ ਵਿੱਚ 6–7 ਲੜਕੀਆਂ ਹੀ ਦਸਵੀਂ ਵਿੱਚ ਸਨ। ਕਾਫੀ ਸੰਗ੍ਰਾਮ ਦੇ ਬਾਅਦ ਲੜਕੀਆਂ ਆਉਣ ਲੱਗ ਪਈਆਂ। ਉੱਚ ਸਿਖਿਆ ਸੰਬੰਧੀ ਜਾਗਰਤੀ ਹੋਈ। ਵਾਤਾਵਰਨ ਬਦਲਿਆ। ਜਨਤਾ ਅੰਦਰ ਵੀ ਲੜਕੀਆਂ ਨੂੰ ਪੜਾਉਣ ਦੀ ਰੁੱਚੀ ਵਧੀ। ਕੁਝ ਸਫਲਤਾ ਦਿਖਾਈ ਦੇਣ ਲੱਗੀ। ਤੱਦ ਸ਼ਹਿਰ ਦੇ ਮੁੰਡਿਆਂ ਦੇ ਕਾਲਜਾਂ ਨੇ

ਆਪਣੇ ਹਾਂ Co-educatoin ਸ਼ੁਰੂ ਕਰ ਦਿੱਤੀ। ਲੜਕੀਆਂ ਨੂੰ ਦਾਖ਼ਲ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਵੀ ਕਾਲਜ ਨੂੰ ਕੋਈ ਵੱਡੀ ਹਾਨੀ ਨ ਹੁੰਦੀ ਜੇ ਕਰ ਇਸ ਨਵੀਂ ਲੜਕੀਆਂ ਦੀ ਸੰਸਥਾ ਦੇ ਖੋਲੇ ਜਾਣੇ ਦੇ ਵਿੱਰੁਧ ਅਨੁਚਿਤ ਪ੍ਰਚਾਰ ਦੇ ਤੌਰ ਤਰੀਕੇ ਆਪਣਾਏ ਨ ਜਾਂਦੇ। ਉਨਾਂ ਨੇ ਦੇਵ ਸਮਾਜ ਦੀ ਸਿਖਿਆ ਨੂੰ ਆਪਣੇ ਵਿਸ਼ਵਾਸਾਂ ਦੇ ਵਿਰੁਧ ਜਾਣ ਕੇ ਗਲਤ ਤੇ ਝੂਠਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਐਪਰ ਇਨਾਂ ਵਿਰੋਧੀ ਤੇ ਭਿਆਨਕ ਹਾਲਾਤ ਦੇ ਵਿੱਚ ਵੀ ਸਾਡੇ ਇਹ ਬਹਾਦਰ ਜਰਨੈਲ ਇਕੱਲੇ ਹੀ ਜੂਝਦੇ ਰਹੇ। ਉਨ੍ਹਾਂ ਦੀ ਸਹਾਇਤਾ ਲਈ ਸ਼੍ਰੀਮਤੀ ਵਿਦਿਆ ਵਤੀ ਜੀ ਵੀ ਆਪਣੇ ਪਤੀ ਦੇ ਨਾਲ ਇਸ ਯੁੱਧ ਵਿੱਚ ਕੁੱਦ ਪਈਆਂ। ਇਕ ਤੋਂ ਗਿਆਰਾਂ ਹੋ ਗਏ। ਐਪਰ ਸਮੇਂ ਸੀ ਬੜਾ ਹੀ ਔਖਾ। ਛੋਟੇ ਛੋਟੇ 4 ਬੱਚੇ। ਛੋਟੀ ਬੱਚੀ ਗੋਦ ਵਿੱਚ ਸੀ। ਕਾਲਜ ਦੀ ਰੱਖਿਆ ਤੇ ਉਨੱਤੀ ਦੇ ਲਈ, ਇਨ੍ਹਾਂ ਦੋਵੇਂ ਗੁਰੂ ਮਿਸ਼ਨ ਪ੍ਰੇਮੀਆਂ ਨੇ ਆਪਣੀਆਂ ਸਭੇ ਸ਼ਕਤੀਆਂ ਪੂਰਨ ਰੂਪ ਵਿੱਚ ਅਰਪਣ ਕਰ ਦਿੱਤੀਆਂ। ਇਸ ਘੋਰ ਸੰਗਰਾਮ ਵਿੱਚ ਉਨ੍ਹਾਂ ਨੇ ਆਪਣਾ ਸਰਵੱਸ ਲਾ ਦਿੱਤਾ। ਜੋ ਸਾਡੇ ਸਭ ਦੇ ਸਾਮ੍ਹਣੇ ਹੈ। ਅੰਬਾਲੇ ਵਿਖੇ ਏਸ ਅਨੋਖੀ ਜੋੜੀ ਨੇ ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦੀ ਨੇਚਰ ਦੇ ਸਤਿ ਨੇਮਾਂ ਤੇ ਆਧਾਰਤ ਸਿੱਖਿਆ ਦੇ ਕਾਰਨ ਵਿਕਾਸ ਦੇ ਨੇਮ ਤੇ ਪੂਰਾ ਭਰੋਸਾ ਤੇ ਵਿਸ਼ਵਾਸ ਕਰਕੇ, ਆਪਣੇ ਮਜ਼ਬੂਤ ਇਰਾਦੇ ਅਤੇ ਤਿਆਗ ਦੀ ਭਾਵਨਾ ਨਾਲ ਪਹਾੜਾਂ ਵਰਗੀ ਜਟਲ ਤੇ ਮੁਸ਼ਕਲ ਅੜਚਨਾ ਨੂੰ ਚੀਰਦੇ ਹੋਏ ਬੜੀ ਸਾਬਤ ਕਦਮੀ ਦੇ ਨਾਲ ਆਪਣੀ ਮੰਜਲ ਦੇ ਵਲ ਵਧਦੇ ਗਏ। ਜਿੱਥੇ ਚਾਹ ਉਥੇ ਰਾਹ! ਇਕਬਾਲ ਨੇ ਕਿਹਾ ਹੈ, "ਜੋ ਹੋ ਜੋਂਕੇ ਅਮਲ ਪੈਦਾ ਤੇ ਕਟਜਾਤੀ ਹੈ ਜੰਜੀਰੇ", ਜਿਨ੍ਹਾਂ ਦੋਨਾਂ ਦੇ ਅੰਦਰ ਜੋਕੇ ਅਮਲ ਸੀ। ਇਸ ਲਈ ਸਫਲਤਾ ਨੇ ਇਨ੍ਹਾਂ ਦੇ ਪੈਰ ਚੁਮੇ। ਜਿੱਥੇ ਕੁਝ ਨਹੀਂ ਸੀ, ਉਥੇ ਫਲਦਾ ਫੁਲਦਾ ਹਰਿਆਨਾ ਵਿੱਚ ਪਹਿਲੀ ਸ਼੍ਰੇਣੀ ਦਾ ਸ਼ਾਨਦਾਰ ਡਿਗਰੀ ਕਾਲਜ, ਆਪਣੀ ਤਿੰਨ ਮੰਜਲਾਂ ਵਾਲੀ ਸਾਨਦਾਰ ਬਿਲਡਿੰਗ ਦੇ ਨਾਲ ਸੇਵਾ ਕਰ ਰਿਹਾ ਹੈ। ਇਸ ਦੇ ਛੁੱਟ ਉਥੋਂ ਦਾ ਹਾਈ ਸਕੂਲ 9 ਬਾਰ ਸਭ ਤੋਂ ਵੱਧੀਆਂ ਸਕੂਲ ਹੋਣ ਦੀਆਂ ਸ਼ੀਲਡਾਂ ਪ੍ਰਾਪਤ ਕਰ ਚੁੱਕਿਆ ਹੈ। ਉਥੇ ਇਕ ਪਬਲਕ ਸਕੂਲ ਵੱਖ ਆਪਣੀ ਸ਼ਾਨਦਾਰ ਇਮਾਰਤ ਵਿੱਚ ਗੁਰੂ ਮਹਾਰਾਜ ਦੀ ਮਹਿਮਾ ਫੈਲਾਉਣ ਦਾ ਕੰਮ ਕਰਦਾ ਰਿਹਾ ਹੈ। ਇਹ ਸਭ ਸਕੂਲ ਤੇ ਕਾਲਜ ਆਪਣੀ ਪੜਾਈ ਦੇ ਉੱਚੇ ਸਤਰ, ਨੈਤਿਕ ਸਿੱਖਿਆ, ਬੋਰਡ ਤੇ ਯੂਨੀਵਰਸਟੀ ਦੇ ਉੱਚੇ ਨਤੀਜਿਆਂ ਸਭ ਤੋਂ ਵੱਧ ਮੈਰਿਟ ਤੇ ਸਕਾਲਰਸ਼ਿਪ ਖੇਲਾਂ ਵਿੱਚ ਵੀ ਟ੍ਰੋਫੀਆਂ ਲੈ ਕੇ ਸ਼੍ਰੀਮਾਨ ਪ੍ਰੇਮ ਬਲ ਜੀ ਅਤੇ ਵਿੱਦਿਆ ਵਤੀ ਜੀ ਦੇ ਅਣ-ਥੱਕ ਸੰਗਰਾਮ ਅਤੇ ਆਪਣੇ ਅਦੁੱਤੀ ਗੁਰੂ ਮਿਸ਼ਨ ਲਈ ਕੁਰਬਾਨੀ ਨੂੰ, ਵੇਖਣ ਤੇ ਸੁਣਨ ਵਾਲਿਆਂ ਨੂੰ ਆਪਣੀ ਜ਼ਬਾਨੇ ਹਾਲ ਤੋਂ ਦੱਸ ਰਹੇ ਹਨ ਕਿ ਇਹ ਸਭ ਜੰਗਲ ਵਿੱਚ ਮੰਗਲ, ਮਰੂਸਥਲ ਵਿੱਚ ਹਰਿਆਲੀ ਦਾ ਸੇਹਰਾ ਇਸ ਨਿਰਾਲੀ ਜੋੜੀ ਦੇ ਸਿਰ ਹੈ। ਉਨ੍ਹਾਂ ਦੇ ਸੰਗਰਾਮ ਨਾਲ

1. ਸੈਂਟਰਲ ਗੋਰਮਿੰਟ ਦੇ ਫੇਰ ਬਸਾਊ ਮਹਿਕਮੇ ਨੇ ਬਿਨਾਂ ਇੰਟਰੈਸਟ 2 ਲੱਖ ਦੀ ਗਰਾਂਟ ਦਿੱਤੀ।
2. ਹੋਸਟਲ ਤੇ ਖੇਡਾਂ ਦੇ ਮੈਦਾਨਾਂ ਦੀਆਂ ਜਮੀਨਾਂ ਅਲਾਟ ਕੀਤੀਆਂ।
3. ਇਕ ਵਿਸ਼ਾਲ ਕੋਠੀ ਨੁਮਾ ਮੰਜਲ ਦੀ ਅਲਾਟਮੈਂਟ ਹੋਈ ਜਿਸ ਵਿੱਚ ਅੱਜ ਕਾਲ ਸੋਭਾ ਮਾਨ ਹੈ।
4. ਮੰਦਰ, ਸਕੂਲ ਅਤੇ ਕਾਲਜ ਦੇ ਬਾਹਰ ਵਾਰ ਦੁਕਾਨਾਂ ਦਾ ਨਿਰਮਾਣ ਤੇ ਆਮਦਨ ਦਾ ਸਾਧਨ।
5. ਪ੍ਰੇਮ ਬਲ ਜੀ ਦੇ 4 ਬੱਚੇ, ਚਾਰੋਂ ਪੀ. ਐਚਡੀ ਸਾਲ ਭਰ ਏਥੇ ਫ੍ਰੀ, ਜਾਂ ਬਹੁਤ ਘੱਟ ਤਨਖਾਹ ਨਾਲ ਕਮ ਕਰਦੇ ਰਹੇ।

ਵੱਡੀ ਬੇਟੀ ਅਮਰੀਕਾ ਤੋਂ ਐਮ. ਏ. ਪੀ. ਐਚਡੀ. ਅੰਗਰੇਜੀ ਹਨ, ਹਿਮਾਚਲ ਵਿੱਚ ਗੀਡਰ ਸਨ, ਉਹ ਬਹੁਤ ਕੁਝ ਫ੍ਰੀ, B.Ed college ਦੀ ਪ੍ਰਿੰਸੀਪਲ

ਦੇ ਤੌਰ ਦੇ ਕੰਮ ਕਰਦੀਆਂ ਰਹੀਆਂ। ਡਾ. ਵਿਨੋਦ ਖੇੜਾ ਜੋ ਕੈਮੀਕਲ ਸੁਪਰ ਪੀ. ਐਚਡੀ. ਡਿਗਰੀ ਕਨੇਡਾ ਤੋਂ ਪ੍ਰਾਪਤ ਕਰਕੇ ਆਏ ਉਨ੍ਹਾਂ 12 ਸਾਲ ਕੋਈ ਪੈਸੇ ਲਏ ਬਿਨ੍ਹਾਂ ਸਕੂਲ ਵਿੱਚ ਅਣਥੱਕ ਸੇਵਾ ਕੀਤੀ।

ਮੰਝਲੀ ਬੇਟੀ ਸ਼ਸ਼ੀ ਬਾਲਾ ਸੰਸਕ੍ਰਿਤ ਪੀ. ਐਚਡੀ. ਬਹੁਤ ਥੋੜੀ ਤਨਖਾਹ ਤੇ ਪ੍ਰੋਫੈਸਰ ਅਤੇ ਪ੍ਰਿੰਸੀਪਲ ਰਹੀਆਂ। ਸਭ ਤੋਂ ਛੋਟੀ ਬੇਟੀ ਪੀ. ਐਚ. ਡੀ. ਗਣਿਤ, ਐਮ. ਐਡ. ਐਜੂਕੇਸ਼ਨ ਨੇ ਕਾਲਜ ਵਿੱਚ ਕੁਝ ਸਮੇਂ ਘੱਟ ਤਨਖਾਹ ਤੇ ਕੰਮ ਕੀਤਾ।

ਸ਼੍ਰੀਮਾਨ ਪ੍ਰੇਮ ਬਲ ਜੀ ਨੇ ਰੀਟਾਇਰ ਹੋ ਕੇ ਬਤੌਰ ਡਾਰੈਕਟਰ ਬਹੁਤ ਸੇਵਾ ਕੀਤੀ। ਕੁਝ ਲੇਡੀ ਟੀਚਰਜ਼ ਦਾ ਕਾਲਜ ਵਿਰੁੱਧ ਵਿਹਾਰ ਦੇਖ ਕੇ ਉਨ੍ਹਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰਨਾ ਪਿਆ। ਉਨ੍ਹਾਂ ਦੇ ਕੇ ਸ ਸੁਪਰੀਮ ਕੋਰਟ ਤੱਕ ਗਏ। ਅਸੂਲ ਤੇ ਲੜੇ ਤੇ ਫਹਿਤ ਪਾਈ। ਡੀ. ਪੀ. ਆਈ. ਨੇ ਗਰਾਂਟ ਬੰਦ ਕਰਨ ਦੀ ਧਮਕੀ ਦਿੱਤੀ। ਐਪਰ ਪ੍ਰੇਮ ਬਲ ਜੀ ਨੇ ਅਸੂਲਾਂ ਦੇ ਵਿਰੁੱਧ ਫੈਸਲਾ ਕਰਨ ਦੀ ਥਾਂ ਗਰਾਂਟ ਬੰਦ ਕਰਾਉਣਾ ਸਵੀਕਾਰ ਕੀਤਾ। ਬਿਨ੍ਹਾਂ ਕਿਸੇ ਗਰਾਂਟ ਦੇ ਕਾਲਜ ਚਲਾਇਆ ਜੋ ਆਪਣੀ ਮਿਸਾਲ ਆਪ ਹੈ।

ਕੁਝ ਵਿਰੋਧੀ ਹਾਲਾਤ ਵਿੱਚ ਉਹ ਜਨਵਰੀ 88 ਵਿੱਚ ਉਸ ਕਾਲਜ ਤੋਂ ਰੀਟਾਇਰ ਹੋ ਗਏ, ਕਾਲਜ ਤੋਂ ਸਕੂਲਾਂ ਦੀ ਉਨਤੀ ਦਾ ਵੇਰਵਾ ਇਸ ਪ੍ਰਕਾਰ ਹੈ।

1. 16 ਅਕਤੂਬਰ 1948 ਕਾਲਜ ਦਾ ਆਰੰਭ ਐਫ. ਏ. ਕਲਾਸ ਤੋਂ
2. 1950 ਵਿੱਚ ਬੀ. ਏ. ਕਲਾਸ ਦੇ ਨਾਲ ਰਤਨ ਭੂਸ਼ਨ ਗਿਆਨੀ ਦੀ ਮੰਜੂਰੀ।
3. 1952 ਵਿੱਚ ਪੰਜਾਬ ਯੂਨੀਵਰਸਟੀ ਚੰਡੀਗੜ ਨਾਲ ਐਫੀਲਿਏਸ਼ਨ ਅਤੇ ਦਾਨ ਪ੍ਰਾਪਤੀ ਲਈ ਬੰਬਈ ਦਾ ਦੌਰਾ
4. 1954 ਵਿੱਚ ਕਰੀਮੀਆਂ ਮੰਜਲ ਦੀ ਅਲਾਟਮੈਂਟ, ਉਸ ਵਿੱਚ ਕਾਲਜ ਦੀ ਸ਼ਾਨਦਾਰ ਬਿਲਡਿੰਗ ਦਾ ਨਿਰਮਾਣ ਫੇਰ, ਕਾਲਜ ਉਸ ਵਿੱਚ ਸ਼ਿਫੱਟ।
5. 1955 ਵਿੱਚ ਦੇਵ ਸਮਾਜ ਹਾਈ ਸਕੂਲ ਲਈ ਮੰਜੂਰੀ।
6. 1957 ਵਿੱਚ ਸੁਦਰਸ਼ਨ ਜੀ ਮਿਊਜਕ ਟੀਚਰਜ਼ ਨੂੰ ਆਪਣੇ ਘਰ ਵਿੱਚ ਰੱਖ ਕੇ ਪੜ੍ਹਾਇਆ।
7. 1959 ਵਿੱਚ ਮੰਦਰ ਦੇ ਵਿੱਚ ਬਣੀ ਬਿਲਡਿੰਗ ਵਿੱਚ ਸ਼ਿਸ਼ੂਨਿਕੇਤਨ ਜਾਰੀ ਕੀਤਾ। ਸੁਦਰਸ਼ਨ ਜੀ ਨੂੰ ਇਸ ਦਾ ਚਾਰਜ ਦਿੱਤਾ।

(1988 ਵਿੱਚ ਕੌਂਸਲ ਦੇ ਮੂਲ ਨੇਮ ਭੰਗ ਕਰਨ ਦੇ ਵਿਰੋਧ ਕਾਰਨ, ਸ਼੍ਰੀਮਾਨ ਪ੍ਰੇਮਬਲ ਜੀ ਸ਼੍ਰੀਮਤੀ ਵਿੱਦਿਆਵਤੀ ਜੀ ਸ਼੍ਰੀਮਾਨ ਧਰਮ ਰਤਨ ਜੀ ਤੇ ਸ਼੍ਰੀਮਾਨ ਬਲਦੇਵ ਸਿੰਘ ਜੀ ਸਾਬਕ ਸੈਕਟਰੀ ਦੇਵ ਸਮਾਜ ਖੜੇ ਹੋ ਗਏ ਤੇ ਵੱਖ ਸਮਾਜ ਖੜੀ ਕਰਨੀ ਪਈ, ਅਤੇ ਸ਼੍ਰੀਮਾਨ ਬਲਦੇਵ ਸਿੰਘ ਜੀ ਫੇਰ ਸੈਕਟਰੀ ਮੁਕਰਰ ਕੀਤੇ ਗਏ। ਸ਼੍ਰੀਮਾਨ ਪ੍ਰੇਮ ਬਲ ਜੀ ਨੇ ਹਿੰਦੀ ਧਰਮ ਜੀਵਨ ਚਲਾਉਣਾ ਸ਼ੁਰੂ ਕੀਤਾ ਜੋ ਆਖ਼ਰੀ ਦਮਤੱਕ ਚਲਾਇਆ। ਬਹੁਤ ਹੌਂਸਲੇ ਨਾਲ ਪਰਚਾਰ ਦੌਰੇ ਕੀਤੇ। ਸਤਿਸੰਗਾਂ ਵਿੱਚ ਨਾਲ ਜਾਂਦੇ ਰਹੇ। ਬੜੇ ਨਿਧੜਕ ਹੋ ਕੇ ਸੇਵਾ ਕਾਰੀ ਹੁੰਦੇ ਰਹੇ। ਕਈ ਕੇਸ ਖੜੇ ਹੋ ਗਏ ਉਨ੍ਹਾਂ ਦੀ ਬੜੀ ਹਿਮੰਤ ਨਾਲ ਪੈਰਵੀ ਕੀਤੀ। ਪ੍ਰੈੱਸ ਵਿੱਚ ਖੁਦ ਜਾ ਜਾ ਕੇ ਧਰਮ ਜੀਵਨ ਛਪਵਾਉਣ ਦਾ ਕੰਮ ਕਰਦੇ। ਮਹੋਤਸਵ ਤੇ ਖੂਬ ਜੋਸ਼ ਨਾਲ ਭਰਕੇ ਲੈਕਚਰ ਦੇਂਦੇ। ਦਾਨ ਇਕੱਠਾ ਕਰਦੇ। ਗੁਰੂ ਮਿਸ਼ਨ ਲਈ ਚੂਰ ਚੂਰ ਹੁੰਦੇ ਰਹੇ। ਆਖਿਰ ਇਸ ਸ਼ਾਨਦਾਰ ਗੁਰੂ ਸੇਵਕ ਦੀ ਹਸਤੀ ਦਾ 1990 ਵਿੱਚ ਅਚਾਨਕ ਇਕ ਮਿੰਟ ਵਿੱਚ ਅੰਤ ਹੋ ਗਿਆ। ਜਿਸ ਨਾਲ ਗੁਰੂ ਮਿਸ਼ਨ ਨੂੰ ਕਦੀ ਨ ਪੂਰਾ ਹੋਣ ਵਾਲਾ ਘਾਟਾ ਪੈ ਗਿਆ। ਹੁਣ ਉਨ੍ਹਾਂ ਦਾ ਸਭ ਪਰਿਵਾਰ ਗੁਰੂ ਮਿਸ਼ਨ ਵਿੱਚ ਸਹਾਇਕ ਹੋ ਰਿਹਾ ਹੈ।

ਪ੍ਰਿੰਸੀਪਲ ਅਮਰ ਨਾਥ

ਸ਼੍ਰੀਮਾਨ ਸਵਾਮੀ ਗੋਬਿੰਦ ਰਾਮ ਜੀ

ਸ਼੍ਰੀਮਾਨ ਸਵਾਮੀ ਗੋਬਿੰਦ ਰਾਮ ਜੀ ਦਾ ਜਨਮ 1860 ਈਸਵੀ ਨੂੰ ਰਾਏਪੁਰ ਰਾਨੀ (ਅੰਬਾਲਾ) ਵਿਖੇ ਹੋਇਆ। ਉਨ੍ਹਾਂ 1885 ਵਿੱਚ ਮੈਟ੍ਰਿਕ ਪਾਸ ਕੀਤਾ। ਲਾਹੌਰ ਟ੍ਰੇਨਿੰਗ ਕਾੱਲਜ ਤੋਂ ਜੇ.ਏ. ਵੀ ਪਾਸ ਕਰ ਲਈ। ਫੇਰ ਇਹ ਸ਼ਿਮਲੇ ਟੈਲੀਗਰਾਫ ਆਫਿਸ ਵਿੱਚ ਲੱਗ ਗਏ।

ਸਵਾਮੀ ਜੀ ਦੇ ਤਾਇਆ ਜੀ, ਰਾਏ ਪੁਰ ਰਾਨੀ ਦੇ ਇਕ ਮੰਦਰ ਦੇ ਮਹੰਤ ਸਨ। ਉਨ੍ਹਾਂ ਨੂੰ ਆਪਣੇ ਪਿਤਾ ਜੀ ਤੋਂ, ਪੂਜਾ ਪਾਠ, ਧਰਮ ਦੀ ਪੂੰਜੀ, ਕੁੱਝ ਪਰ ਉਪਕਾਰ ਦੇ ਭਾਵ ਮਿਲੇ ਸਨ।

ਸਵਾਮੀ ਜੀ ਨੂੰ ਨੀਚ ਸੰਗਤ ਦੁਆਰਾ ਬਹੁਤ ਹਾਨੀ ਪੁੱਜੀ। ਉਹ ਖਾਸ ਕਰਕੇ ਕਾਮ ਅਨੁਰਾਗ ਸਬੰਧੀ ਕਈ ਮਹਾਂ ਪਾਪ ਸੰਬੰਧੀ ਕ੍ਰਿਆਵਾਂ ਵਿੱਚ ਗ੍ਰਸਤ ਹੋ ਗਏ। ਹੋਰ ਵੀ ਨੀਚ ਸੰਗਤ ਕਾਰਣ ਕਈ ਪ੍ਰਕਾਰ ਦੇ ਮਹਾਂ ਹਾਨੀਕਾਰਕ ਅਮਲ ਉਨ੍ਹਾਂ ਕਰਨੇ ਸ਼ੁਰੂ ਕਰ ਦਿੱਤੇ।

ਸਵਾਮੀ ਜੀ ਨੂੰ 1880 ਦੇ ਲੱਗਭਗ ਲਾਹੌਰ ਜਾਣ ਦਾ ਅਵਸਰ ਹੋਇਆ। ਜਿਸ ਜਨ ਦੇ ਪਾਸ ਇਹ ਠਹਿਰੇ ਹੋਏ ਸਨ, ਉਹ ਪਰਮ ਪੂਜਨੀਕ ਭਗਵਾਨ ਦੇ ਵ ਆਤਮਾ ਤੇ ਬਹੁਤ ਸ਼ਰਧਾ ਰਖਦੇ ਸਨ। ਉਨ੍ਹਾਂ ਨਾਲ ਸਵਾਮੀ ਜੀ ਇਕ ਦਿਨ ਭਗਵਾਨ ਦੇਵ ਆਤਮਾ ਦੇ ਮਕਾਨ ਤੇ, ਬ੍ਰਹਮ ਸਮਾਜ ਮੰਦਰ ਦੇ ਨੇੜੇ ਸਭਾ ਵਿੱਚ ਪਹੁੰਚ ਗਏ। ਸਵਾਮੀ ਜੀ ਦੇ ਦਿਲ ਤੇ ਭਗਵਾਨ ਦੇਵ ਆਤਮਾ ਦੇ ਉਪਦੇਸ਼ ਦਾ ਬਹੁਤ ਗਹਿਰਾ ਅਸਰ ਹੋਇਆ। ਉਨ੍ਹਾਂ ਦੇ ਦੇਵ ਪ੍ਰਭਾਵਾਂ ਨੇ ਗੈਰ ਮਾਮੂਲੀ ਆਪਣਾ ਅਮਲ ਕਰਕੇ, ਆਪਣਾ ਜਾਦੂ ਜਿਹਾ ਅਸਰ ਕਰਕੇ ਸਵਾਮੀ ਜੀ ਦੀ ਜਿੰਦਗੀ ਵਿੱਚ ਹੈਰਾਨੀ ਭਰੀ ਤਬਦੀਲੀ ਪੈਦਾ ਕਰ ਦਿੱਤੀ। ਉਹ ਇਕ ਦੋ ਦਿਨਾਂ ਪਿਛੋਂ ਰਾਏ ਪੁਰ ਆ ਗਏ। ਉਥੇ ਜਾ ਕੇ ਉਹ ਕੀ ਵੇਖਦੇ ਹਨ ਕਿ ਉਨ੍ਹਾਂ ਦਾ ਦਿਲ ਜੋ ਪਹਿਲਾਂ ਕਾਮ ਅਨੁਰਾਗ ਦਾ ਗੁਲਾਮ ਬਣਕੇ, ਕੁੱਤੇ ਦੇ ਵਾਂਗ ਆਪਣੇ ਨੀਚ ਵਿਸ਼ੇ ਦੇ ਸਾਮਾਨਾਂ ਦੇ ਪਿੱਛੇ ਪਿੱਛੇ ਮਾਰਿਆ ਮਾਰਿਆ ਫਿਰਦਾ ਸੀ। ਉਹ ਆਪਣੇ ਆਪ ਰੁੱਕ ਗਿਆ। ਇਸ ਹੈਰਾਨੀ ਭਰੀ ਨਿੱਜੀ ਤਬਦੀਲੀ ਨੂੰ ਵੇਖ ਕੇ, ਉਨ੍ਹਾਂ ਦਾ ਦਿਲ ਭਗਵਾਨ ਦੇਵ ਆਤਮਾ ਦੇ ਲਈ ਬਹੁਤ ਸ਼ਰਧਾ ਮਹਿਸੂਸ ਕਰਨ ਲੱਗ ਗਿਆ। ਇੱਕ ਨਿਰਾਲੇ ਸਬੰਧ ਦਾ ਸੂਤਰ ਪਾਤ ਹੋ ਗਿਆ, ਉਨ੍ਹਾਂ ਦੇ ਭਾਵੀ ਵਿਕਾਸ ਦਾ ਤੇ ਮਹਾਂ ਸੁਭਾਗ ਦਾ ਆਰੰਭ ਹੋ ਗਿਆ। ਸਵਾਮੀ ਜੀ ਦੀ ਜਿੰਦਗੀ ਵਿੱਚ ਟਰਨਿੰਗ ਪੋਆਇੰਟ ਆ ਗਿਆ।

ਫੇਰ ਕੁੱਝ ਸਮਾਂ ਪਿਛੋਂ ਭਗਵਾਨ ਦੇਵ ਆਤਮਾ ਅੰਬਾਲੇ ਤਸ਼ਰੀਫ ਲੈ ਗਏ। ਉੱਥੇ ਫੇਰ ਸਵਾਮੀ ਜੀ ਨੂੰ ਉਨ੍ਹਾਂ ਦੇ ਲਾਸਾਨੀ ਉਪਦੇਸ਼ਾਂ ਨੂੰ ਸੁਣਨ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ ਅਤੇ ਕੁੱਝ ਭਗਵਾਨ ਦੀ ਜਾਤੀ ਸੇਵਾ ਕਰਨ ਦਾ ਮੌਕਾ ਮਿਲਿਆ। ਇਸ ਸਭ ਨਾਲ ਸਵਾਮੀ ਜੀ ਨੂੰ ਬਹੁਤ ਲਾਭ ਹੋਇਆ। ਕਈ ਕੁਸੰਸਕਾਰਾਂ ਪ੍ਰਤੀ ਉਨ੍ਹਾਂ ਅੰਦਰ ਘ੍ਰਿਣਾ ਪੈਦਾ ਹੋ ਗਈ। ਸੱਤਿ ਭਾਸ਼ਣ, ਈਮਾਨਦਾਰੀ ਤੇ ਪਰਉਪਕਾਰ ਦੇ ਅੰਕੁਰ ਫੁੱਟ ਆਏ। ਉਨ੍ਹਾਂ ਦੇ ਉਸਤਾਦ ਉਨ੍ਹਾਂ ਦੀ ਤਬਦੀਲੀ ਨੂੰ ਵੇਖ ਕੇ ਉਨ੍ਹਾਂ ਨੂੰ ਬਹੁਤ ਇਜ਼ਤ ਦੀ ਨਿਗਾਹ ਨਾਲ ਦੇਖਣ ਲੱਗ ਪਏ। ਸਵਾਮੀ ਜੀ ਅੰਦਰ ਇਕ ਨਵਾਂ ਤੂਫਾਨ ਪੈਦਾ ਹੋ ਗਿਆ। ਉਨ੍ਹਾਂ ਵਿਧਵਾ ਵਿਆਹ ਦੇ ਹੱਕ ਵਿੱਚ ਜੋਰ ਦਾਰ ਲੇਖ ਲਿਖੇ, ਅਖਬਾਰਾਂ ਚ ਛਾਪੇ। ਸਾਰੇ ਇਲਾਕੇ ਵਿੱਚ ਰੌਲਾ ਮੱਚ ਗਿਆ। ਉਨ੍ਹਾਂ ਨੂੰ ਕਿਹਾ ਗਿਆ, ਉਹ ਮੁਸਲਮਾਨ ਹੋ ਗਏ, ਉਹ ਈਸਾਈ ਬਣ ਗਏ। ਬਹੁਤ ਵੱਡੀ ਵਰੋਧਤਾ ਹੋਣ ਲੱਗ ਪਈ। ਐਪਰ ਸਵਾਮੀ ਜੀ ਨੂੰ ਕਦੀ ਵੀ ਕਿਸੇ ਵਿਰੋਧਤਾ ਨੇ ਪ੍ਰਭਾਵਿਤ ਨਹੀਂ ਕੀਤਾ।

ਸਵਾਮੀ ਜੀ ਲਾਹੌਰ ਟਰੇਨਿੰਗ ਕਾਲਿਜ ਵਿੱਚ ਜੇ. ਏ. ਟੀ. ਪਾਸ ਕਰਨ ਲਈ ਦਾਖ਼ਲ ਹੋ ਗਏ। ਉਥੇ

ਵੀ ਭਗਵਾਨ ਦੀ ਪਾਕ ਸੰਗਤ ਤੋਂ ਵੱਧ ਚੜ੍ਹ ਕੇ ਲਾਭ ਉਠਾਉਂਦੇ ਰਹੇ।

ਟਰੇਨਿੰਗ ਪਿਛੋਂ ਉਹ ਸ਼ਿਮਲੇ ਟੈਲੀਗਰਾਫ ਆਫਿਸ ਵਿੱਚ ਮਲਾਜ਼ਮ ਹੋ ਗਏ। ਕੁੱਝ ਸਮਾਂ ਪਿਛੋਂ ਉਨ੍ਹਾਂ ਦੀ ਪਤਨੀ ਦਾ ਦੇਹਾਂਤ ਹੋ ਗਿਆ। ਸਵਾਮੀ ਜੀ ਨੇ ਪੁਰਾਨੀ ਮਿੱਥਿਆ ਸੰਸਕਾਰ ਵਿਧੀ ਲਈ ਇਨਕਾਰ ਕਰ ਦਿੱਤਾ।

ਸਵਾਮੀ ਜੀ ਜਾਤ ਪਾਤ ਦੇ ਬੰਧਨ ਤੋਂ ਮੁਕਤ ਹੋ ਗਏ। ਪਰਉਪਕਾਰ ਦੇ ਕੰਮਾਂ ਵਿੱਚ ਰੁੱਚੀ ਪੈਦਾ ਹੋ ਗਈ। 1892 ਵਿੱਚ ਭਗਵਾਨ ਦੇ ਕ੍ਰਿਤਘਨਾਂ ਦੀਆਂ ਤਹਿਰੀਰਾਂ ਪੜ੍ਹ ਕੇ ਸਵਾਮੀ ਜੀ ਦੇ ਸ਼ਰਧਾ ਭਾਵ ਨੇ ਸਗੋਂ ਹੋਰ ਉਬਾਲਾ ਖਾਦਾ ਤੇ ਉਹ 1893 ਵਿੱਚ ਗੁਰੂ ਮਹਾਰਾਜ ਦੇ ਸੇਵਕ ਗ੍ਰਹਿਣ ਕੀਤੇ ਗਏ। ਸੇਵਕ ਬਣ ਕੇ ਉਨ੍ਹਾਂ ਦਾ ਭਗਵਾਨ ਦੇਵ ਆਤਮਾ ਦੇ ਦੇਵ ਰੁਪ ਪ੍ਰਤੀ ਸ਼ਰਧਾ ਤੇ ਵਿਸ਼ਵਾਸ਼ ਹੋਰ ਵੱਧਦਾ ਗਿਆ। ਮੁਲਾਜ਼ਮ ਤੋਂ ਜੋ ਤਨਖ਼ਾਹ ਉਨ੍ਹਾਂ ਨੂੰ ਮਿਲਦੀ, ਉਹ ਥੋਹੜੀ ਰਕਮ ਰੱਖ ਕੇ ਬਾਕੀ ਸਭ ਦੇਵ ਸਮਾਜ ਵਿੱਚ ਭੇਜ ਦਿੰਦੇ ਜਾਂ ਕਰਮਚਾਰੀਆਂ ਦੀ ਸੇਵਾ ਤੇ ਖਰਚ ਦੇਂਦੇ। ਇਕ ਵੇਰ ਉਨ੍ਹਾ ਨੇ ਸਾਰੇ ਕਰਮਚਾਰੀਆਂ ਨੂੰ ਆਪਣੇ ਵਲੋਂ ਇਕ ਇਕ ਪੋਸ਼ਾਕ ਬਣਵਾ ਦੇ ਦਿੱਤੀ।

1895 ਵਿੱਚ ਮਿੰਟਗੁਮਰੀ ਦੇ ਏਕਤਾ ਆਸ਼ਰਮ ਵਿੱਚ, ਦੇਵ ਸਮਾਜ ਦਾ ਅਠਵਾਂ ਸਾਲਾਨਾ ਉਤਸਵ ਹੋਇਆ। ਉਹ ਪਹਿਲਾ ਉਸਤਵ ਸੀ ਜਿਸ ਵਿੱਚ ਈਸ਼ਵਰ ਸਬੰਧੀ ਕੋਈ ਸਾਧਨ ਨਹੀਂ ਸੀ। ਉਸ ਉਸਤਵ ਵਿੱਚ ਸਵਾਮੀ ਜੀ ਆਪਣੇ ਭਾਈ ਸਮੇਤ ਸ਼ਾਮਿਲ ਹੋਏ। ਕਈ ਹੋਰ ਰਾਏ ਪੁਰ ਨਿਵਾਸੀ ਜਨ ਵੀ ਆਏ ਤੇ ਉਨ੍ਹਾ ਲਾਭ ਉਠਾਇਆ। ਸਵਾਮੀ ਜੀ ਦੇ ਹਿਰਦੇ ਦੇ ਅੰਦਰ ਖਾਸ ਸ਼ਰਧਾ ਭਗਤੀ ਦੇ ਅੰਕੁਰ ਫੁਟ ਪਏ, ਜਿਨ੍ਹਾ ਦਾ ਪਤਾ ਉਨ੍ਹਾਂ ਦੇ ਉਸ ਸਮੇਂ ਦੇ ਪੱਤਰਾਂ ਤੇ ਭਾਵ ਪ੍ਰਕਾਸ਼ਾਂ ਤੋਂ ਲੱਗਦਾ ਸੀ।

ਸਵਾਮੀ ਜੀ ਦੇ ਭਾਵਾਂ ਨੇ, ਉਨ੍ਹਾ ਦੀ ਗੁਰੂ ਮਹਾਰਾਜ ਪ੍ਰਤੀ ਗਹਿਰੀ ਸ਼ਰਧਾ ਨੂੰ ਮਜਬੂਤ ਕਰ ਦਿੱਤਾ। ਉਨ੍ਹਾ ਆਪਣੀ ਚੰਗੀ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਆਪਣਾ ਜੀਵਨ ਭਗਵਾਨ ਦੇ ਕਾਰਜ ਲਈ ਭੇਂਟ ਕਰ ਦਿੱਤਾ। ਹੁਣ ਉਨਾ ਨੇ ਖਾਸ ਕਰ ਆਪਣੇ ਇਲਾਕੇ ਵਿੱਚ ਉੱਚ ਜੋਸ਼ ਨਾਲ ਭਰ ਕੇ ਟੁਟ ਫੁੱਟ ਕੇ ਭਗਵਾਨ ਦਾ ਕਾਰਜ ਕਰਨਾਂ ਸ਼ਰੂ ਕਰ ਦਿੱਤਾ। ਉਨ੍ਹਾਂ ਨੇ ਗੁਰੂ ਮਹਾਰਾਜ ਦੇ ਪ੍ਰਭਾਵ ਪਾ ਕੇ ਪਾਪੀ ਰੂਹਾਂ ਨੂੰ ਬਦਲਣਾ ਸ਼ੁਰੂ ਕਰ ਦਿੱਤਾ। ਦਾਤਾ ਜੀ (ਮਿਸਤਰੀ ਵਧਾਵਾ ਰਾਮ ਜੀ) ਵਰਗੇ ਪਾਪ ਦੇ ਕਿਲ੍ਹੇ ਨੂੰ ਫਤਿਹ ਕਰ ਲਿਆ। ਉਨ੍ਹਾ ਨੇ ਅਜਬ ਪਰੀਵਰਤਨ ਲਾਭ ਕੀਤਾ। ਪਿਛਲੇ ਪਾਪਾਂ ਦਾ ਪ੍ਰਸ਼ੋਧ ਕੀਤਾ। ਅਜਿਹਾ ਉੱਚਾ ਸੁੱਚਾ ਸੇਵਾ ਕਾਰੀ ਰੂਪ ਪ੍ਰਾਪਤ ਕਰ ਲਿਆ ਕਿ ਜਿਸ ਨੇ ਭਗਵਾਨ ਦੀ ਮਹਿਮਾ ਨੂੰ ਚਾਰ ਚੰਦ ਲਾਉਣ ਦਾ ਕੰਮ ਕੀਤਾ। ਸ਼੍ਰੀ ਮੁਨਸ਼ੀ ਰਾਮ ਜੀ ਨੂੰ ਬਦਲਿਆ, ਉਨ੍ਹਾ ਭਗਵਾਨ ਦੇ ਮਿਸ਼ਨ ਦੇ ਕਰਮਚਾਰੀ ਰਹਿ ਕੇ ਜੀਵਨ ਸਫਲ ਕੀਤਾ। ਲਾਲਾ ਮੂਲ ਰਾਜ ਜੀ, ਸ਼ਿਵਰਾਮ ਜੀ, ਧਰਮ ਸੇਵਕ ਜੀ, ਰਾਜਾ ਰਾਮ ਜੀ, ਰਾਮ ਪ੍ਰਸਾਦ ਜੀ, ਕਲੂ ਰਾਮ ਜੀ, ਰਾਮ ਸਰਣ ਦਾਸ ਜੀ, ਹਰੀ ਰਾਮ ਜੀ ਗੁਪਤਾ, ਕਰਤਾਰ ਸਿੰਘ ਜੀ ਕਲਾਲ ਮਾਜਰੀ, ਹਕੀਮ ਸੀਤਾ ਰਾਮ , ਸੀਤਾ ਰਾਮ ਪੰਜੇ ਭਰਾ, ਸ਼ੁਭ ਜੀਵਨ ਲਾਲਾ ਜੀ ਮਾਸਟਰ ਬੋਧਾ ਰਾਮ ਜੀ, ਲਾ: ਲਛਮਨ ਦਾਸ ਜੀ, ਆਦਿ ਦੇ ਜੀਵਨਾਂ ਨੂੰ ਬਦਲ ਕੇ ਗੁਰੂ ਚਰਣਾਂ ਨਾਲ ਜੋੜ ਦਿੱਤਾ। ਅੰਬਾਲਾ ਖੇਤਰ ਦੇ ਸਭ ਸੇਵਕ ਸਵਾਮੀ ਜੀ ਦੇ ਤਪ ਤਿਆਗ ਦੇ ਸੰਗਰਾਮ ਦਾ ਲੋਹਾ ਮਨ੍ਹਦੇ ਸੀ। ਰਾਏ ਪੁਰ ਰਾਣੀ ਨੂੰ ਦੇਵ ਸਮਾਜੀਆਂ ਦਾ ਕਸਬਾ ਕਿਹਾ ਜਾਂਦਾ ਸੀ।

ਸਵਾਮੀ ਜੀ ਅੰਦਰ ਖਾਸ ਗੁਰੂ ਮਹਾਰਾਜ ਲਈ ਗਾੜ੍ਹ ਸ਼ਰਧਾ ਤੇ ਵਿਸ਼ਵਾਸ਼ ਦੇ ਭਾਵ ਸਨ। ਜੋ ਉਨ੍ਹਾ ਦੇ ਸਾਧਨ, ਪ੍ਰਨਾਮ, ਭਜਨ ਗਾਨ, ਭਾਵ ਪ੍ਰਕਾਸ਼, ਪੱਤਰ, ਭਗਵਾਨ ਦੀ ਜਾਤੀ ਸੇਵਾ, ਪ੍ਰਾਰਥਨਾਂ ਆਦਿ ਦੇ ਰਾਹੀਂ ਪ੍ਰਕਾਸ਼ ਪਾਉਂਦੇ ਸੀ।

ਹਾਨੀ ਪਰੀਸ਼ੋਧ ਦਾ ਬੜਾ ਜਬਰਦਸਤ ਭਾਵ ਉਨ੍ਹਾਂ ਅੰਦਰ ਪੈਦਾ ਹੋ ਗਿਆ ਸੀ। ਉਹ ਪਾਕ ਸਾਫ ਈਮਾਨਦਾਰ ਤੇ ਠੋਸ ਸੱਚੇ ਪੁਰਖ ਬਣ ਗਏ ਸਨ। ਉਨ੍ਹਾ ਨੂੰ ਆਪਣਾ ਆਤਮਾ ਆਪਣੀ ਨੀਚ ਗਤੀਆਂ ਕਾਰਣ ਅੰਦਰੋਂ ਕਾਲਾ ਸਿਆਹ ਵਿਖਾਈ ਦੇਂਦਾ ਸੀ। ਉਹ

ਮਹਿਸੂਸ ਕਰਦੇ ਸੀ ਕਿ ਲੋਕਾਂ ਨੂੰ ਇਸ ਦਾ ਇਲਮ ਨਹੀਂ, ਆਪਣੇ ਅੰਦਰ ਦੇ ਸਿਆਹ ਰੂਪ ਨੂੰ ਜਾਹਿਰ ਕਰਨ ਦੇ ਲਈ ਉਹ ਰਾਏ ਪੁਰ ਦੇ ਬਾਜ਼ਾਰ ਦੀ ਇਕ ਦੁਕਾਨ ਤੇ ਆਪਣਾ ਮੂੰਹ ਕਾਲਾ ਕਰਕੇ ਬੈਠ ਗਏ। ਇਸ ਪ੍ਰਕਾਰ ਦੇ ਕਠਿਨ ਸਾਧਨਾਂ ਰਾਹੀਂ ਉਨ੍ਹਾ ਆਪਣੇ ਦਿਲ ਦੀ ਮੈਲ ਧੋਈ। ਵਾਹ ! ਧੰਨ ਹਨ ਉਹ ਆਤਮਾ। ਤੇ ਧੰਨ ਹਨ ਗੁਰੂ ਮਹਾਰਾਜ ਤੇ ਉਨ੍ਹਾ ਦੀ ਸ਼ਕਤੀ ਜੋ ਪਾਪੀ ਰੂਹਾਂ ਤੇ ਇਹ ਕੁਝ ਕਰਵਾ ਦੇਂਦੀ ਹੈ।

ਸਵਾਮੀ ਜੀ ਨੇ ਆਪਣੇ ਸਾਰੇ ਪਰੀਵਾਰ ਨੂੰ ਭਗਵਾਨ ਨਾਲ ਜੋੜ ਦਿੱਤਾ, ਆਪਣੇ ਭਾਈ ਦੁਰਗਾ ਦੱਤ ਜੀ ਨੂੰ ਸੇਵਕ ਬਣਾ ਦਿੱਤਾ। ਉਨ੍ਹਾ ਦੇ ਪੁੱਤਰ ਸ਼੍ਰੀਮਾਨ ਰਾਮ ਨਾਰਾਇਣ ਜੀ ਨੂੰ ਬੀ. ਏ. ਬੀ. ਟੀ. ਬਣਾ ਕੇ ਮੋਗੇ ਤੇ ਲਾਹੌਰ ਸਕੂਲਾਂ ਵਿੱਚ ਹੈਡ ਮਾਸਟਰ ਬਣਾ ਦਿੱਤਾ। ਉਨ੍ਹਾ ਦੀ ਭਤੀਜੀ, ਬਹੂ ਜੀ ਦਾ ਸੰਬੰਧ ਵੱਡੇ ਪੰਡਤ ਜੀ ਨਾਲ ਹੋਇਆ। ਦੂਜੀ ਭੈਣ ਕਨਲ ਪਰੀਵਾਰ ਵਿੱਚ ਗਈ। ਸਭ ਪੱਕੇ ਤੇ ਗਹਿਰੇ ਸੇਵਕ ਸਨ। ਸ਼੍ਰੀਮਤੀ ਪ੍ਰੇਮ ਬਾਲਾ ਜੀ ਨੂੰ ਗੁਰੂ ਘਰ ਨਾਲ ਜੋੜ ਦਿੱਤਾ। ਉਨ੍ਹਾ ਪਰੀਵਾਰ ਤੋਂ ਪਰ੍ਹੇ ਰਹਿਕੇ, ਫੇਰੂ ਸ਼ਹਿਰ ਸਕੂਲ ਵਿੱਚ ਬੱਚਿਆਂ ਦੀ ਸੇਵਾ ਦਾ ਬ੍ਰਤ ਲੈ ਲਿਆ।

ਸਵਾਮੀ ਜੀ ਦੇ ਜੋਰਦਾਰ ਪ੍ਰਭਾਵ ਨਾਲ, ਅੰਬਾਲਾ ਰਾਏ ਪੁਰ, ਨਾਰਾਇਣ ਗੜ੍ਹ, ਸਾਹਿਬ ਪੁਰ, ਕਲਾਲ ਮਾਜਰੀ ਪੰਜੋਖਰਾ, ਜੱਟਵਾੜ, ਭੜੋਗ ਆਦਿ ਦੇਵ ਸਮਾਜ ਦੇ ਸਰਗਰਮ ਕਾਰਜ ਖੇਤਰ ਬਣ ਗਏ।

ਸਵਾਮੀ ਜੀ ਅੰਦਰ ਗੁਰੂ ਮਹਾਰਾਜ ਦੇ ਪ੍ਰਭਾਵਾਂ ਨੇ ਆਪਣਾ ਜਾਦੂ ਕਰਕੇ ਇੱਕ ਵਿਸ਼ੇਸ਼ ਰੰਗ ਚੜ੍ਹਾ ਦਿੱਤਾ ਸੀ। ਉਨ੍ਹਾ ਅੰਦਰ ਅਖੌਤੀ ਅਛੂਤਾਂ ਦੇ ਪ੍ਰਤੀ ਗਹਿਰੀ ਹਮਦਰਦੀ ਸੀ। ਉਨ੍ਹਾ ਨੂੰ ਉਨ੍ਹਾ ਦਾ ਮਸੀਹਾ ਬਣਾ ਕੇ ਰੱਖ ਦਿੱਤਾ। ਉਨ੍ਹਾ ਅੰਦਰ ਅਛੂਤ ਹਿੱਤ ਦਾ ਦਰਿਆ ਵੱਗ ਪਿਆ। ਉਹ ਆਪ ਪੰਡਤ ਹੋ ਕੇ ਅਛੂਤਾਂ ਦੇ ਘਰ ਖਾਂਦੇ ਤੇ ਲੋਕਾਂ ਦੀ ਤੋਏ ਤੋਏ ਨੂੰ ਸਹਿੰਦੇ। ਉਨ੍ਹਾ, ਉਨ੍ਹਾ ਲਈ ਤਿੰਨ ਸਕੂਲ ਖੋਲੇ। ਉਹ ਚਲਾਏ। ਉਨ੍ਹਾ ਲਈ ਧਨ ਦਾ ਪ੍ਰਬੰਧ ਕੀਤਾ। ਉਨ੍ਹਾ ਅਛੂਤ ਉਧਾਰ ਦੇ ਲਈ ਜੀਵਨ ਦੀ ਬਾਜ਼ੀ ਲਾ ਦਿੱਤੀ ਸੀ। ਸਵਾਮੀ ਜੀ ਲੋਕ ਲਾਜ ਤੋਂ ਬੇ ਹਦ ਉਪਰ ਸਨ। ਉਹ ਬੁਰੇ ਸਲੂਕ ਪਾ ਕੇ ਵੀ ਹੌਂਸਲੇ ਨਾਲ ਭਰੇ ਰਹਿੰਦੇ ਸੀ। ਉਹ ਬੁਰੇ ਸਲੂਕ ਦੇਣ ਵਾਲਿਆਂ ਦਾ ਵੀ ਭਲਾ ਕਰਨੋਂ ਨਹੀਂ ਟਲਦੇ ਸਨ।

ਸਵਾਮੀ ਜੀ ਨੇ ਸਮਾਜ ਦੇ ਕੰਮ ਲਈ ਜੋਸ਼ ਨਾਲ ਦਾਨ ਇਕੱਠਾ ਕਰਣ ਦਾ ਕੰਮ ਕੀਤਾ। ਦਾਨ ਪ੍ਰਾਪਤੀ ਰਾਹੀਂ ਵੀ ਉਹ ਲੋਕਾਂ ਦਾ ਭਲਾ ਕਰਦੇ।

ਰਾਏਪੁਰ ਰਾਣੀ ਦੇ ਮੰਦਰ ਦੇ ਮਹੰਤ ਸਵਾਮੀ ਜੀ ਦੇ ਤਾਇਆ ਜੀ ਸਨ। ਉਨ੍ਹਾ ਪਿਛੋਂ ਇਹ ਮੰਦਰ ਇਨਾਂ ਦੋਨਾ ਭਰਾਂਵਾਂ ਦਾ ਹੀ ਹੋ ਗਿਆ ਸੀ। ਉਥੇ ਬਹੁਤ ਵਰ੍ਹੇ ਸਮਾਜ ਦਾ ਕੰਮ ਹੋਇਆ। ਸਭਾਵਾਂ ਹੋਈਆਂ। ਗੁਰੂ ਮਹਾਰਾਜ ਦੇ ਉਪਦੇਸ਼ ਹੋਏ। ਪਰ ਸਵਾਮੀ ਜੀ ਨੇ ਉਸ ਨੂੰ ਆਪਣੀ ਚੀਜ ਨ ਸਮਝ ਕੇ, ਖੁਸ਼ੀ ਖੁਸ਼ੀ ਜਿਨ੍ਹਾ ਨੇ ਉਹ ਮੰਦਰ ਬਣਵਾਇਆ ਸੀ, ਉਸ ਖਾਨਦਾਨ ਨੂੰ ਵਾਪਸ ਕਰ ਦਿੱਤਾ, ਉਨ੍ਹਾ ਖੁਦ ਵੱਖ ਦੇਵ ਸਮਾਜ ਦਾ ਸ਼ਾਨਦਾਰ ਮੰਦਰ ਬਣਵਾ ਦਿੱਤਾ।

ਸਵਾਮੀ ਜੀ ਅੰਦਰ ਪਸ਼ੂ ਜੱਗਤ ਤੇ ਭੌਂਤਕ ਜਗੱਤ ਦੀ ਸੇਵਾ ਦਾ ਅਥਾਹ ਭਾਵ ਸੀ। ਉਹ ਸਦਾ ਆਪਣੇ ਖਾਣੇ ਚੋਂ ਪਸ਼ੂ ਜੱਗਤ ਲਈ ਗਰਾਸ ਕੱਢਿਆ ਕਰਦੇ ਸਨ। ਉਨ੍ਹਾ ਇਕ ਥਾਂ ਝੋਟੇ ਦੀ ਬੇਰਹਿਮੀ ਨਾਲ ਬਲੀ ਦੇਣ ਦੀ ਰਸਮ ਨੂੰ ਬੰਦ ਕਰਾ ਕੇ ਦਮ ਲਿਆ। ਰਾਏ ਪੁਰ ਦੇ ਮੰਦਰ ਵਿਚੋਂ ਬਕਰੇ ਦੀ ਬਲੀ ਨੂੰ ਬੰਦ ਕਰਾਇਆ। ਉਹ ਪੇੜਾਂ ਦੇ ਥੜੇ ਬਣਾਉਂਦੇ। ਖਰਾਬ ਥਾਵਾਂ ਦੇ ਜਾਲੇ ਲਾਉਂਦੇ ਤੇ ਝਾੜੂ ਦੇਂਦੇ ਸੀ। ਰਾਹਾਂ ਤੋਂ ਕੰਡੇ ਕੰਚ ਚੁਕਦੇ ਸਨ। ਉਨਾਂ ਘਾਟ ਪੱਕੇ ਕਰਾਏ। ਸਵਾਮੀ ਜੀ ਧਨ, ਮਾਲ, ਇਜੱਤ, ਸੁਖ ਸਵਾਦ ਤੋਂ ਉਪਰ ਹੋ ਗਏ ਸਨ। ਉਨਾਂ ਦੀ ਦੂਜੀ ਸ਼ਾਦੀ ਦੀ ਗੱਲ ਪੱਕੀ ਹੋ ਗਈ ਸੀ। ਉਹ ਬਰਾਤ ਲੈ ਕੇ ਲਾਹੌਰ ਵੀ ਪੁੱਜ ਗਏ ਸਨ। ਪਰ ਉਨਾਂ ਨੂੰ ਉਹ ਸਾਰਾ ਪ੍ਰੋਗਰਾਮ ਆਪਣੀ ਰੂਹ ਦੇ ਲਈ ਹਾਨੀਕਾਰਕ ਪ੍ਰਤੀਤ ਹੋ ਰਿਹਾ ਸੀ। ਉਨ੍ਹਾਂ ਦਲੇਰੀ ਨਾਲ ਸ਼ਾਦੀ ਤੋਂ ਨਾਂ ਕਰ ਦਿੱਤੀ ਤੇ ਪਰ ਸੇਵਾ ਦੇ ਬ੍ਰਤ ਵਿੱਚ ਹੀ ਲੀਨ ਹੋ ਗਏ।

ਸਵਾਮੀ ਜੀ ਸਾਦਾ ਜੀਵਨ ਰਖਦੇ ਸਨ। ਮੋਟਾ ਖੱਦਰ ਪਹਿਨਦੇ ਸਨ। ਉਹ ਸਫਾਈ ਪਸੰਦ ਸਨ। ਉਹ ਸੈਰ ਵਰਜ਼ਿਸ਼ ਦੇ ਅਭਿਆਸੀ ਸਨ। ਉਹ ਨੇਚਰ ਕਿਉਰ

ਤੇ ਹਾਮੀ ਸਨ। ਉਹ ਸਦਾ ਤਾਜਾ ਹਵਾ ਵਿੱਚ ਰਹਿ ਕੇ ਸਮਾਂ ਗੁਜਾਰਦੇ। ਉਹ ਬਿਸਤਰੇ ਨੂੰ ਹਮੇਸ਼ਾ ਧੁਪ ਲਵਾਉਂਦੇ। ਉਹ ਬਹੁਤ ਸਰਲ ਸਨ। ਅੰਦਰ ਬਾਹਰੋਂ ਇਕ ਸਨ। ਸਦਾ ਸੱਚ ਬੋਲਣ ਦਾ ਜਤਨ ਕਰਦੇ ਸਨ। ਉਹ ਬਹੁਤ ਨਿਧੜਕ ਤੇ ਦਲੇਰ ਸਨ। ਉਹ ਮੁਖ਼ਾਲਫਤ, ਨਿੰਦਿਆਂ ਦੀ ਪਰਵਾਹ ਨਹੀਂ ਕਰਦੇ ਸਨ। ਉਹ ਮਿੱਥਿਆ ਤੇ ਜੋਰਦਾਰ ਹਮਲਾ ਕਰਦੇ ਸਨ। ਉੱਚ ਸੰਗਤ ਲਈ ਬੜਾ ਪਿਆਰ ਸੀ। ਸਾਥੀ ਕਰਮਚਾਰੀਆਂ ਲਈ ਸਨਮਾਨ ਤੇ ਸਦਭਾਵ ਰਖਦੇ ਸਨ। ਉਨ੍ਹਾ ਦੀ ਸੇਵਾ ਕਰਕੇ ਖੁਸ਼ ਹੁੰਦੇ ਸਨ। ਸੇਵਕਾਂ ਨਾਲ ਸਨੇਹ ਰਖਦੇ ਸਨ। ਉਹ ਸ਼ੁਕਰ ਗੁਜਾਰੀ ਦਾ ਭਾਵ ਰਖਦੇ ਸਨ। ਉਹ ਗੁਰੂ ਤੇ ਸਮਾਜ ਵਿਰੁੱਧ ਕੁੱਝ ਨਹੀਂ ਸੁਣ ਸਕਦੇ ਸਨ। ਅਜਿਹੀ ਦੁਸ਼ਟਤਾ ਨੂੰ ਕੁਚਲਨ ਦੇ ਲਈ ਤਿਆਰ ਰਹਿੰਦੇ ਸਨ।

ਸਵਾਮੀ ਜੀ ਜਦੋਂ 1928 ਦੇ ਮਹੋਤਸਵ ਵਿੱਚ ਸਾਮਿਲ ਹੋਏ। ਉਸ ਅਵਸਰ ਤੇ ਭਗਵਾਨ ਦੇ ਜੋਰਦਾਰ ਲੈਕਚਰ ਤੋਂ ਬਹੁਤ ਲਾਭ ਉਠਾਇਆ। ਮਹੋਤਸਵ ਪਿਛੋਂ ਉਹ ਰਾਏ ਪੁਰ ਆ ਗਏ। ਸਥਾਨੀ ਸੇਵਕਾਂ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ। ਉਨ੍ਹਾ ਲਈ ਇਕ ਨੌਕਰ ਰਖ ਦੇ ਦਿੱਤਾ। ਸਵਾਮੀ ਜੀ ਨੇ ਭਗਵਾਨ ਦੀ ਇੱਛਾ ਅਨੁਸਾਰ ਕੋਈ ਮਾਸਿਕ ਸਹਾਇਤਾ ਸਮਾਜ ਤੋਂ ਲੈਣੀ ਬੰਦ ਕਰ ਦਿੱਤੀ ਸੀ। ਆਖ਼ਿਰ ਸਵਾਮੀ ਜੀ ਧਰਮ ਸੰਗਤ ਵਿੱਚ ਆਪਣੇ ਪ੍ਰਾਣ ਛੱਡਣਾ ਚਾਹੁੰਦੇ ਸਨ। ਉਨ੍ਹਾਂ ਨੇ ਕਲਾਲ ਮਾਜਰੀ ਦੇ ਸੇਵਕਾਂ ਨੂੰ ਬੁਲਾਇਆ। ਉਹ ਚਾਰਪਾਈ ਤੇ ਲਿਟਾ ਕੇ ਪਹਿਲਾਂ ਸਵਾਮੀ ਜੀ ਨੂੰ ਸ਼ਹਿਜਾਦ ਪੁਰ ਲੈ ਗਏ। ਫੇਰ ਇਕ ਮੋਟਰ ਵਿੱਚ ਸਵਾਰ ਕਰਕੇ ਉਨ੍ਹਾਂ ਨੂੰ ਅੰਬਾਲੇ ਲੈ ਗਏ। ਮੋਗੇ ਪੁੱਜ ਕੇ ਸਵਾਮੀ ਜੀ ਨੇ ਖਾਸ ਖੁਸ਼ੀ ਪ੍ਰਾਪਤ ਕੀਤੀ ਅਤੇ ਅਗਲੀ ਸਵੇਰ 5 ਮਈ 1929 ਨੂੰ ਉਨ੍ਹਾਂ ਨੇ ਪ੍ਰਾਣ ਤਿਆਗ ਕੀਤੇ।

ਸਵਾਮੀ ਜੀ ਦੇ ਸਬੰਧ ਵਿੱਚ ਤਿੰਨ ਥਾਵਾਂ ਤੇ ਸ਼ਰਾਧ ਦੀ ਸਭਾ ਕੀਤੀ ਗਈ, ਲਾਹੌਰ, ਮੋਗੇ ਤੇ ਰਾਏਪੁਰ ਰਾਨੀ ਵਿੱਚ। ਸਵਾਮੀ ਜੀ ਦੇ ਘਰ ਦਾ ਥਾਂ, ਜੇਵਰ, ਬਰਤਨ, ਕਪੜੇ ਸਭ ਵੇਚ ਕੇ ਗੁਰੂ ਮਿਸ਼ਨ ਦੀ ਭੇਂਟ ਚੜ੍ਹਾਂ ਦਿੱਤੇ ਸਨ। ਆਪਣੀ ਪੁੱਤਰੀ ਨੂੰ ਵੀ ਗੁਰੂ ਕਾਰਜ ਵਿੱਚ ਲਾ ਕੇ ਹੀ ਰਾਹਤ ਪਾਈ ਸੀ।

ਇਸ ਪ੍ਰਕਾਰ ਗੁਰੂ ਮਹਾਰਾਜ ਦੇ ਦੇਵ ਪ੍ਰਭਾਵਾਂ ਨੇ ਇਕ ਸਾਧਾਰਣ ਵਿਅਕਤੀ ਨੂੰ ਮਿੱਥਿਆ ਤੇ ਪਾਪ ਦੇ ਜਾਲ ਤੋਂ ਕੱਢ ਕੇ ਇਕ ਧਰਮ ਸਾਧਕ, ਪਰ ਉਪਕਾਰੀ ਨੇਤਾ, ਸਮਾਜ ਸੁਧਾਰਕ ਦਾ ਸ਼ਾਨਦਾਰ ਰੂਪ ਪ੍ਰਦਾਨ ਕਰ ਦਿੱਤਾ ਸੀ। ਉਨ੍ਹਾਂ ਨੇ ਗੁਰੂ ਮਹਾਰਾਜ ਦੇ ਅਸਰਾਂ ਨੂੰ ਪਾ ਕੇ ਆਪਣੇ ਇਲਾਕੇ ਵਿੱਚ ਗੁਰੂ ਕਾਰਜ ਦੀ ਧੁੰਮ ਮਚਾ ਦਿੱਤੀ ਸੀ।

ਅਜਿਹੇ ਠੋਸ, ਸੱਚੇ ਸੁੱਚੇ, ਤਿਆਗੀ ਵੈਰਾਗੀ, ਸੇਵਾਕਾਰੀ, ਗੁਰੂ ਸ਼ਰਧਾ ਭਰੇ ਉੱਚ ਤੇ ਕੁਰਬਾਨੀ ਦੇ ਪੁਤਲੇ ਜੀਵਨ ਨੂੰ ਨੱਤ-ਮਸਤਕ ਹੋ ਕੇ ਸ਼ਤ ਸ਼ਤ ਪ੍ਰਨਾਮ ਕਰਕੇ ਅਸੀਂ ਸਦਾ ਆਪਣਾ ਭਲਾ ਕਰ ਸਕੀਏ।

ਇਕ ਸੁੰਦਰ ਫੁੱਲ

ਸ਼੍ਰੀਮਾਨ ਭਾਈ ਅਤਰ ਸਿੰਘ ਜੀ !

ਬਹੁਤ ਸਨਮਾਨ ਦੇ ਯੋਗ ਭਾਈ ਸਾਹਿਬ ਸ਼੍ਰੀਮਾਨ ਅਤਰ ਸਿੰਘ ਜੀ ਦਾ ਜਨਮ ਚੋਟੀ ਦੇ ਇੱਕ ਜੱਟ ਸਿਖ ਪਰੀਵਾਰ ਵਿਚ 1860 ਨੂੰ ਡਰੋਲੀ (ਫੀਰੋਜ਼ਪੁਰ) ਵਿਖੇ ਭਾਈਆਂ ਦੇ ਮਸ਼ਹੂਰ ਖਾਨਦਾਨ ਵਿਚ ਹੋਇਆ। ਭਾਈਆਂ ਦਾ ਖਾਨਦਾਨ ਹੋਣ ਦੀ ਹੈਸੀਅਤ ਵਿੱਚ ਇਸ ਨੂੰ ਕੁਝ ਗੁਰੂਆਂ ਦੀ ਪਦਵੀ ਸਿਖਾਂ ਵਿੱਚ ਮਿਲੀ ਹੈ। ਭਾਈ ਸਾਹਿਬ ਦੇ ਪੜਦਾਦਾ ਜੀ ਦੇ ਦਾਦਾ ਜੀ, ਭਾਈ ਨੰਦ ਚੰਦ ਜੀ ਸ਼੍ਰੀ ਗੁਰ ਗੋਬਿੰਦ ਸਿੰਘ ਜੀ ਮਹਾਰਾਜ ਦੇ ਖਜ਼ਾਨਾ ਮੰਤਰੀ ਤੇ ਜਰਨੈਲ ਸਨ। ਗੁਰੂ ਸਾਹਬਿ ਨੇ ਆਪ "ਵਚਿੱਤਰ

ਨਾਰਕ" ਵਿੱਚ ਆਪਣੀ ਕਲਮ ਨਾਲ ਭਾਈ ਨੰਦ ਚੰਦ ਜੀ ਦੀ ਬਹਾਦਰੀ ਦੀ ਪ੍ਰਸੰਸਾ ਕੀਤੀ ਹੈ।

ਭਾਈ ਸਾਹਿਬ ਦੇ ਬਜ਼ੁਰਗ ਗੁਰੂ ਹੋਣ ਦੀ ਹੈਸੀਅਤ ਵਿੱਚ ਆਪਣੀ ਗੁਰੂਆਈ ਦੇ ਸਿਖਾਂ ਤੋਂ ਕਾਰ, ਅਰਥਾਤ ਪੂਜਾ ਦਾ ਧਨਮਾਲ ਭੇਂਟ ਲਿਆ ਕਰਦੇ ਸਨ। ਕੋਈ ਸੌ ਪਿੰਡਾਂ ਵਿੱਚ ਉਨ੍ਹਾ ਦੀ ਸਿੱਖੀ ਸੇਵਕੀ ਸੀ।

ਭਾਈ ਸਾਹਿਬ ਨੂੰ ਆਪਣੇ ਖਾਸ ਵਿਰਸੇ ਤੋਂ ਦਿਮਾਗੀ ਤੇ ਰੂਹਾਨੀ ਖਾਸ ਪੂੰਜੀ ਮਿਲੀ ਹੋਈ ਸੀ। ਭਾਈ ਸਾਹਿਬ ਨੇ ਮੈਟ੍ਰਿਕ ਤਕ ਤਾਲੀਮ ਪ੍ਰਾਪਤ ਕੀਤੀ। ਫੇਰ ਫੀਲਡ ਕਾਨੂੰਗੋ, ਨਾਇਬ ਤਹਿਸੀਲਦਾਰ ਤੇ ਤਹਿਸੀਲਦਾਰ ਦੇ ਉੱਚ ਪਦਾਂ ਤੇ ਰਹੇ। ਉਹ ਖਾਸ ਉੱਚ ਨੇਕ, ਪਵਿੱਤਰ, ਈਮਾਨਦਾਰ ਤੇ ਹਮਦਰਦ ਜਿੰਦਗੀ ਰਖਣ ਦੇ ਕਾਰਣ ਸਾਰੀ ਉਮਰ ਆਪਣੇ ਜਿਲ੍ਹੇ ਵਿਚ ਸਰਵਿਸ ਕਰਦੇ ਰਹੇ। ਉਨ੍ਹਾ ਦਾ ਬਾਹਿਰ ਦੇ ਕਿਸੇ ਜਿਲ੍ਹੇ ਵਿੱਚ ਤਬਾਦਲਾ ਨਾ ਹੋਇਆ। ਉਹ ਬੇ ਹਦ ਹਰ ਦਿਲ ਅਜੀਜ ਤੇ ਮਨਭਾਉਣੇਂ ਅਫਸਰ ਸਨ।

ਸੁਭਾਗ ਨਾਲ ਵਿਦਿਆਰਥੀ ਜਮਾਨੇ ਵਿਚ ਹੀ ਉਨ੍ਹਾ ਨੂੰ ਸਃ ਸਾਹਿਬ ਸਰਦਾਰ ਜਮੀਅਤ ਸਿੰਘ ਜਿਹੇ ਉੱਚ ਕੋਈ ਦੇ ਨੇਕ, ਬੇਹਦ ਦਿਆਨਤਦਾਰ, ਪਵਿੱਤਰ ਤੇ ਬਰਕਤ ਦੇਹ ਸ਼ਖਸੀਅਤ (ਜਿਸ ਦੀ ਮਿਸਾਲ ਕਿਤੇ ਆਸ ਪਾਸ ਮਿਲਦੀ ਨਹੀਂ ਸੀ) ਉਸਤਾਦ ਦੇ ਆਧੀਨ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲ ਗਿਆ। ਉਨਾ ਦਿਨਾ ਵਿਚ ਉਥੇ ਹੀ ਸ਼ਰਧੇ ਸ਼੍ਰੀਮਾਨ ਦੇਵਤ ਸਿੰਘ ਜੀ ਅਤੇ ਸਰਦਾਰ ਸਾਵਣ ਸਿੰਘ ਜੀ ਵੀ ਤਾਲੀਮ ਪਾ ਰਹੇ ਸਨ। ਇਹ ਤਿਨੋਂ ਹਸਤੀਆਂ ਸਰਦਾਰ ਸਾਹਿਬ ਸਹਦਾਰ ਜਮੀਅਤ ਸਿੰਘ ਜੀ ਦੀਆਂ ਖਾਸ ਉਪਕ੍ਰਿਤ ਸਨ।

ਭਾਈ ਸਾਹਿਬ ਜੀ ਨੂੰ ਸਃ ਜਮੀਅਤ ਸਿੰਘ ਦੁਆਰਾ ਪਰਮ ਪੂਜਨੀ ਭਗਵਾਨ ਦੇਵ ਆਤਮਾ ਤੇ ਉਨਾ ਦੇ ਲਾਸਾਨੀ ਕਾਰਜ ਬਾਰੇ ਜਾਨਣ ਦਾ ਮੌਕਾ ਮਿਲਦਾ ਰਿਹਾ। ਲਾਹੌਰ ਪੜ੍ਹਾਈ ਦੇ ਸਮੇ ਵੀ ਕਈ ਵਾਰ ਭਾਈ ਜੀ ਨੂੰ ਖੁੱਦ ਪਰਮ ਪੂਜਨੀਕ ਭਗਵਾਨ ਦੇ ਦਰਸ਼ਣ ਕਰਨ ਦਾ ਸੁਭਾਗ ਮਿਲਦਾ ਰਿਹਾ। ਭਾਈ ਸਾਹਿਬ ਉਨ੍ਹਾ ਚੰਦ ਸੁਭਾਗਵਾਨ ਜਨਾ ਵਿਚੋਂ ਸਨ ਜੋ 20 ਦਸੰਬਰ 1882 ਦੇ ਦਿਨ ਜੀਵਨ ਬ੍ਰਤ ਗ੍ਰਹਿਣ ਦੀ ਰਸਮ ਦੇ ਖਾਸ ਜਲਸੇ ਵਿਚ ਵੀ ਬ੍ਰਹਮ ਮੰਦਰ ਵਿੱਚ ਹਾਜਰ ਸਨ।

ਸ਼੍ਰੀ ਭਾਈ ਸਾਹਿਬ ਜੀ ਨੇ ਸਃ ਜਮੀਅਤ ਸਿੰਘ ਜੀ ਦੇ ਨਾਲ ਹੀ ਦੇਵ ਸਮਾਜ ਦੇ ਜੀਵਨ ਦਾਇਕ ਮੰਡਲ ਵਿੱਚ ਸ਼ਾਮਿਲ ਹੋਣ ਦਾ ਸੁਭਾਗ ਪਾਇਆ।

ਸ਼ੁਰੂ ਸ਼ੁਰੂ ਵਿਚ ਉਨਾ ਦੀ ਘਰ ਵਲੋਂ ਬਹੁਤ ਵਰੋਧਤਾ ਹੋਈ, ਜਿਸ ਨੂੰ ਉਨਾ ਬਹੁਤ ਹਿੰਮਤ ਨਾਲ ਸਹਿਣ ਕੀਤਾ।

ਦੇਵ ਆਤਮਾ ਦੇ ਅਦੁੱਤੀ ਦੇਵ ਪ੍ਰਭਾਵਾਂ ਨਾਲ ਸ਼੍ਰੀ ਭਾਈ ਜੀ ਅੰਦਰ ਕਰਤੱਵ ਪਾਲਨ ਤੇ ਈਮਾਨਦਾਰੀ ਦੇ ਭਾਵ ਫੁੱਟੇ ਤੇ ਬਰਾਬਰ ਉਨੱਤ ਹੁੰਦੇ ਗਏ।

ਚਾਰੋਂ ਪਾਸਿਆਂ ਤੋਂ ਵੱਡੇ ਵੱਡੇ ਪ੍ਰਲੋਭਣਾ ਨਾਲ ਘਿਰੇ ਹੋਣ ਤੇ ਵੀ ਭਾਈ ਸਾਹਿਬ ਨੇ ਆਪਣੀ ਸਾਰੀ ਨੌਕਰੀ ਵਿਚ ਇਕ ਪੈਸਾ ਵੀ ਰਿਸ਼ਵਤ ਦਾ ਲੈਣਾ ਹਰਾਮ ਸਮਝਿਆ। ਦੌਰੇ ਉਤੇ ਹੁੰਦੇ ਹੋਏ ਵੀ ਉਹ ਆਪਣੀਆਂ ਲੋੜਾਂ ਤੇ ਘੋੜੀ ਦਾ ਚਾਰਾ ਆਦਿ ਆਪਣੇ ਪੈਸਿਆਂ ਨਾਲ ਹੀ ਪੂਰਾ ਕਰਦੇ। ਕਿਸੇ ਦੀ ਕੋਈ ਸਹਾਇਤਾ ਨ ਲੈਂਦੇ।

ਭਾਈ ਸਾਹਿਬ 9 ਸਾਲ ਰਿਆਸਤ ਗੁਰੂ ਹਰਸਹਾਏ ਦੇ ਕੋਰਟ ਆਫ ਵਾਰਡਜ਼ ਦੇ ਮੈਨੇਜਰ ਰਹੇ। ਗਿਆਸਤ ਦੀ ਆਮਦਨ ਬਹੁਤ ਘੱਟ ਸੀ। ਕੁਲ 42 ਹਜਾਰ ਸਾਲਾਨਾ। ਆਪ ਨੇ ਬਹੁਤ ਮੇਹਨਤ, ਲਗਨ, ਜੁਮ੍ਹੇਵਾਰੀ ਤੇ ਈਮਾਨਦਾਰੀ ਨਾਲ, ਖੂਹ ਲਵਾਏ ਨਹਿਰਾਂ ਖਾਲੇ ਕਢਵਾਏ, ਬਿਗਨੀ ਖੇਤੀ ਆਬਾਦ ਕਰਾਈ ਬਹੁਤ ਕੁਝ ਸੰਗਰਾਮ ਕਰਕੇ ਆਮਦਨ ਸਵਾ ਲੱਖ ਸਾਲਾਨਾਂ ਕਰ ਦਿੱਤੀ। ਭਾਈ ਸਾਹਿਬ ਨੂੰ ਇਕ ਪੁਰਾਣੇ ਕੋਟ ਦੀ ਜੇਬ ਵਿੱਚੋਂ 700 ਰੁਪਏ ਦੇ ਨੋਟ ਮਿਲੇ ਜਿਨ੍ਹਾ ਦਾ ਕਿਸੇ ਨੂੰ ਇਲਮ ਨਹੀਂ ਸੀ। ਭਾਈ ਸਾਹਿਬ ਨੇ ਉਨ੍ਹਾ ਨੂੰ ਝੱਟ ਰਿਆਸਤ ਦੀ ਆਮਦਨ ਵਿਚ ਜਮਾ

ਕਰਾ ਦਿਤਾ। ਜੇ ਭਾਈ ਸਾਹਿਬ ਉਹ ਨੋਟ ਖੁਦ ਰਖ ਲੈਂਦੇ ਤਾਂ ਕਿਸੇ ਨੂੰ ਵੀ ਉਨਾ ਦੀ ਦਿਆਨਤਦਾਰੀ ਤੇ ਸ਼ਕ ਵੀ ਨਹੀਂ ਹੋ ਸਕਦਾ ਸੀ। ਐਪਰ ਉਹ ਪੱਕੇ ਈਮਾਨਦਾਰ ਹੋ ਕੇ ਉਹ ਗੰਦ ਕਿਵੇਂ ਖਾ ਸਕਦੇ ਸਨ। ਭਾਈ ਸਾਹਿਬ ਦੇ ਦਿਆਨਤ ਦਾਰੀ ਦੇ ਭਾਵ ਨੇ ਸਾਰੀ ਰਿਆਸਤ ਦੀ ਕਾਇਆ ਪਲਟ ਦਿੱਤੀ।

ਇਕ ਇਕ ਬਹੁਤ ਮੁਅਜ਼ਜ਼ ਸਖਸ਼ ਦਾ ਕਥਨ ਹੈ ਕਿ "ਮੈਂ ਭਾਈ ਜੀ ਜਿਹਾ ਦਿਆਨਤਕਾਰ ਆਦਮੀ ਸਾਰੀ ਉਮਰ ਨ ਵੇਖਿਆ ਹੈ ਨ ਸੁਣਿਆਂ ਹੈ।" ਉਹ ਰੁਪਏ ਪੈਸੇ ਵਿੱਚ ਪੂਰੇ ਈਮਾਨਦਾਰ ਤਾਂ ਸੀ ਹੀ, ਉਹ ਕਿਸੇ ਪਾਸੋਂ ਰੋਟੀ ਤੱਕ ਖਾਣ ਵਿੱਚ ਵੀ ਬਹੁਤ ਮਹੁਤਾਜ ਤੇ ਪਰਹੇਜ ਕਰਦੇ ਸਨ। ਉਹ ਛੋਲਿਆਂ, ਛੱਲੀਆਂ, ਚਿੱਬੜ, ਖਰਬੂਜੇ, ਸਬਜ਼ੀ ਸਾਗ ਆਦਿ ਵੀ ਕਬੂਲ ਨਹੀਂ ਸੀ ਕਰਦੇ। 9 ਸਾਲ ਦੇ ਲਮ੍ਹੇ ਅਰਸੇ ਵਿੱਚ ਉਨ੍ਹਾ ਇਕ ਵੇਰ ਵੀ ਗੁਰੂ ਸਾਹਿਬਾਨ ਪਾਸੋਂ ਜਿਨਾ ਦੀ ਰਿਆਸਤ ਦੇ ਉਹ ਮੈਨੇਜਰ ਸਨ, ਖਾਣਾ ਨਹੀਂ ਖਾਂਦਾ। ਉਨਾ ਨੇ ਵਿਆਹ ਸ਼ਾਦੀ ਵੇਲੇ ਵੀ ਨਹੀਂ ਖਾਂਦਾ। ਇਕ ਵਾਰ ਇਕ ਥਾਲ ਉਨਾ ਨੂੰ ਭੇਜਿਆ ਗਿਆ, ਉਨ੍ਹਾ ਉਸਦੀ ਕੀਮਤ ਲਾ ਕੇ ਵੀ ਖਜਾਨੇ ਵਿੱਚ ਜਮਾਂ ਕਰ ਦਿੱਤੀ।

ਭਾਈ ਸਾਹਿਬ ਝੂਠ ਨੂੰ ਬਹੁਤ ਨਫਰਤ ਕਰਦੇ ਸਨ। ਉਹ ਸ਼ਰਾਬ ਤੋਂ ਬਹੁਤ ਘ੍ਰਿਣਾਂ ਕਰਦੇ ਸਨ। ਇਕ ਵੇਰ ਇਕ ਸ: ਤਹਿਸੀਲਦਾਰ ਸਾਹਿਬ ਜੋ ਸੇਵਕ ਸਨ ਇਕ ਹੋਰ ਤਹਿਸੀਲਦਾਰ ਦੇ ਨਾਲ ਭਾਈ ਸਾਹਿਬ ਦੇ ਮਕਾਨ ਤੇ ਆਏ। ਉਹ ਅਕਸਰ ਭਾਈ ਸਾਹਿਬ ਦੇ ਮਕਾਨ ਤੇ ਆਕੇ ਠਹਿਰਦੇ ਸਨ। ਭਾਈ ਸਾਹਿਬ ਨੂੰ ਸ਼ਰਾਬ ਦੀ ਬਦਬੂ ਆਈ। ਉਹ ਝੱਟ ਬੋਲੇ ਸ਼ਰਾਬ ਕਿਸ ਨੇ ਪੀਤੀ ਹੈ? ਦੂਜੇ ਤਹਿਸੀਲਦਾਰ ਨੇ ਝੱਟ ਮੁਆਫੀ ਮੰਗਦੇ ਕਿਹਾ ਕਿ ਮੈਂ ਪੀਤੀ ਹੈ। ਭਾਵੇਂ ਉਹ ਬਰਾਬਰ ਦਾ ਅਫਸਰ ਸੀ, ਭਾਈ ਸਾਹਿਬ ਨੇ ਕਿਹਾ, "ਆਪ ਦੋਵੇਂ ਮੇਰੇ ਮਕਾਨ ਤੋਂ ਨਿਕਲ ਜਾਓ। ਤੁਸੀਂ ਕਿਉਂ ਮੇਰੇ ਮਕਾਨ ਤੇ ਆ ਗਏ?" ਸੇਵਕ ਤਹਿਸੀਲਦਾਰ ਸਾਹਿਬ ਕਹਿਣ ਲਗੇ ਕਿ ਮੈਂ ਤਾ ਕਦੇ ਵੀ ਸ਼ਰਾਬ ਨਹੀਂ ਪੀਂਦਾ ਤੁਸੀਂ ਮੈਨੂੰ ਕਿਉਂ ਕਢਦੇ ਹੋ? ਭਾਈ ਸਾਹਿਬ ਕਹਿਣ ਲਗੇ ਤੁਸੀਂ ਇਸ ਸ਼ਰਾਬੀ ਨੂੰ ਨਾਲ ਲੈ ਕੇ ਆਏ ਤੇ ਆਪ ਭੀ ਚਲੇ ਜਾਓ।" ਉਸ ਸਮੇਂ ਉਹ ਦੋਵੇਂ ਚਲੇ ਗਏ। ਅਗਲੇ ਦਿਨ ਸ਼ਰਾਬੀ ਤਹਿਸੀਲਦਾਰ ਆਏ, ਤੇ ਆਕੇ ਭਾਈ ਸਾਹਿਬ ਤੋਂ ਮੁਆਫੀ ਮੰਗੀ ਤੇ ਸਦਾ ਲਈ ਸ਼ਰਾਬ ਛੱਡਣ ਦੀ ਵੀ ਪ੍ਰਤਿਗਿਆ ਕੀਤੀ।

ਇਕ ਰਈਸ ਦੇ ਲੜਕੇ ਦੀ ਸ਼ਾਦੀ ਸੀ, ਜਿਸ ਦੀ ਜਾਇਦਾਦ ਸਰਕਾਰ ਪਾਸ ਸੀ, ਸ਼੍ਰੀ ਭਾਈ ਜੀ ਨੂੰ ਜੋ ਉਥੇ ਤਹਿਸੀਲਦਾਰ ਸਨ, ਡੀ. ਸੀ. ਨੇ ਮੈਨੇਜਰ ਮੁਕਰਰ ਕਰ ਦਿੱਤਾ। ਆਪ ਨੇ ਡੀ ਸੀ ਸਾਹਿਬ ਨੂੰ ਕਿਹਾ, ਸ਼ਰਾਬ ਮਾਂਸ ਤੇ ਵੇਸ਼ਵਾ ਨਾਚ ਲਈ ਮੈਂ ਕੋਈ ਰਕਮ ਮੰਜੂਰ ਨਹੀਂ ਕਰਾਂਗਾ। ਆਪ ਨੇ ਇਹੋ ਕੀਤਾ। ਵੇਸਵਾਂ ਨੂੰ ਜਲਸੇ ਵਿਚੋਂ ਹਟਾ ਕੇ ਦੰਮ ਲਿਆ ਅਤੇ ਉੱਚ ਸੰਗੀਤ ਦਾ ਪ੍ਰਬੰਧ ਕੀਤਾ। ਆਪ ਦੇ ਉੱਚ ਜੀਵਨ ਦੀ ਸਾਰੇ ਇਲਾਕੇ ਵਿੱਚ ਧਾਕ ਸੀ।

ਸ਼੍ਰੀ ਭਾਈ ਸਾਹਿਬ ਖਾਸ ਸ਼ਰਧਾ ਦੀ ਮੂਰਤੀ ਸਨ। ਗੁਰੂ ਮਹਾਰਾਜ ਲਈ ਉਨ੍ਹਾਂ ਅੰਦਰ ਖਾਸ ਸ਼ਰਧਾ ਦਾ ਭਾਵ ਵਿਕਸਿਤ ਹੋ ਗਿਆ ਸੀ। ਉਨ੍ਹਾ ਨੇ ਹੀ ਆਪਣੀ ਗੁਰੂ ਆਈ ਦੀ ਭੇਂਟਾ ਜੋ ਸੌ ਪਿੰਡਾ ਤੋਂ ਪ੍ਰਾਪਤ ਹੁੰਦੀ ਸੀ ਲੈਣੀ ਬੰਦ ਕਰ ਦਿੱਤੀ ਸੀ। ਉਨ੍ਹਾ ਕਿਹਾ ਮੈਂ ਕੋਈ ਗੁਰੂ ਭੀ ਨਹੀਂ ਹਾਂ, ਮੈਂ ਇਸ ਦੇ ਲੈਣ ਦਾ ਹੱਕਦਾਰ ਨਹੀਂ ਹਾਂ। ਆਪਣੇ ਖਾਸ ਸ਼ਰਧਾ ਭਾਵ ਨਾਲ ਜਦੋਂ ਭਾਈ ਜੀ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਸਿਰ ਰੱਖ ਕੇ ਪ੍ਰਣਾਮ ਕਰਦੇ ਤਾਂ ਖਾਸ ਨਜ਼ਾਰਾ ਪੈਦਾ ਹੁੰਦਾ। ਉਹ 3-4 ਵੇਰ ਆਪਣੇ ਸਿਰ ਨੂੰ ਜਮੀਨ ਤੇ ਰੱਖ ਕੇ ਪ੍ਰਨਾਮ ਕਰਦੇ ਸਨ। ਉਸ ਨਾਲ ਕਈ ਵੇਰ ਸਾਰਾ ਮੰਡਲ ਹੀ ਬਦਲ ਜਾਂਦਾ ਸੀ। ਭਾਈ ਸਾਹਿਬ ਜੀ ਹਰ ਮਹੋਤਸਵ ਤੇ ਗੁਰੂ ਮਹਾਰਾਜ ਲਈ ਕੋਈ ਕਪੜਾ, ਘੀ ਆਦਿ ਭੇਂਟ ਲਈ ਲੈ ਕੇ ਆਉਂਦੇ। ਜਦੋਂ ਉਹ ਭੇਂਟ ਸਵੀਕਾਰ ਹੋ ਜਾਂਦੀ ਤਾਂ ਉਹ ਬਹੁਤ ਕਰਤਾਰਥ ਹੁੰਦੇ। ਉਨ੍ਹਾਂ ਦੀ ਧਰਮ ਪਤਨੀ ਜੀ ਆਪਣੇ ਹਥਾਂ ਨਾਲ ਸੂਤ ਕੱਤ ਕੇ ਖਾਸ ਕਪੜਾ ਤਿਆਰ ਕਰ ਕੇ ਭੇਂਟ ਕਰਦੀਆਂ। ਘੀ ਆਦਿ ਨੂੰ ਬਹੁਤ ਸਫਾਈ ਤੇ ਸੁੱਚਮਤਾ ਨਾਲ ਤਿਆਰ

ਕਰਕੇ ਲੈ ਕੇ ਆਉਂਦੀਆ। ਆਪ ਗੁਰੂ ਮਹਾਰਾਜ ਦੇ ਵਿਰੁੱਧ ਕੋਈ ਝੂਠੀ ਗਲ ਬਰਦਾਸ਼ਤ ਨਹੀਂ ਕਰ ਸਕਦੇ ਸਨ। ਇਕ ਵੇਰ ਉਨ੍ਹਾਂ ਦੇ ਇਕ ਅਫਸਰ ਨੇ ਭਗਵਾਨ ਦੇਵ ਆਤਮਾ ਦੇ ਸਬੰਧ ਵਿੱਚ ਕੁੱਝ ਬਕਵਾਸ ਕਰਨੀ ਸ਼ੁਰੂ ਕੀਤੀ। ਇਸ ਤੇ ਸ਼੍ਰੀ ਭਾਈ ਜੀ ਨੇ ਕਿਹਾ "ਕਿ ਜੋ ਜਨ ਅਜਿਹੀ, ਪਵਿੱਤਰ ਜਾਤ ਦੇ ਸਬੰਧ ਵਿੱਚ ਅਜਿਹੀ ਬਕਵਾਸ ਕਰ ਸਕਦਾ ਹੈ, ਉਹ ਜਾਂ ਤਾਂ ਹਨੇਰੇ ਵਿੱਚ ਹੈ ਤੇ ਜਾਂ ਪੂਰਾ ਪਰਲੇ ਦਰਜ਼ੇ ਦਾ ਗੁੰਡਾ ਹੈ" ਫੇਰ ਅਫਸਰ ਨੇ ਕਿਹਾ ਕਿ, "ਮੇਰਾ ਵੀ ਕੁਝ ਅਜਿਹਾ ਹੀ ਖਿਆਲ ਹੈ" ਤਾਂ ਭਾਈ ਸਾਹਿਬ ਨੇ ਬੇ ਧੜਕ ਹੋ ਕੇ ਕਿਹਾ ਕਿ "ਚਾਹੇ ਕੋਈ ਹੋਵੇ ਹਰ ਇਕ ਦੇ ਸਬੰਧ ਵਿੱਚ ਮੇਰੇ ਇਹੋ ਰਿਮਾਰਕਸ ਹਨ" ਅਜਿਹਾ ਕਹਿਣਾ ਹੀ ਸੀ ਕਿ ਚਾਰੇ ਪਾਸੇ ਸਨਾਟਾ ਛਾ ਗਿਆ। ਉਸ ਅਫਸਰ ਮਾਲ ਨੂੰ ਆਪਣੀ ਗਲਤੀ ਮਹਿਸੂਸ ਕਰਨੀ ਪਈ ਤੇ ਅਫਸੋਸ ਦਾ ਇਜ਼ਹਾਰ ਕਰਨਾ ਪਿਆ। ਸ਼੍ਰੀ ਭਾਈ ਜੀ ਭਗਵਾਨ ਦੀ ਮਹਿਮਾਂ ਨੂੰ ਜਦੋਂ ਗਾਉਂਦੇ ਸਨ ਤਾਂ ਉਨ੍ਹਾ ਦੀਆਂ ਅੱਖਾਂ ਜੋਂ ਪਾਕ ਹੰਝੂਆਂ ਦੀ ਧਾਰ ਬਹਿਣ ਲੱਗ ਜਾਂਦੀ। ਭਾਈ ਜੀ ਉਨ੍ਹਾ ਹੰਝੂਆਂ ਨੂੰ ਪਗੜੀ ਜਾਂ ਹੋਰ ਵਸਤਰਾਂ ਤੇ ਲਾ ਲੈਂਦੇ ਭੂਮੀ ਤੇ ਨਹੀਂ ਡਿਗਣ ਦੇਂਦੇ ਸਨ। ਸ਼੍ਰੀ ਭਾਈ ਜੀ ਨੇ ਆਪਣੇ ਸਬੰਧੀਆਂ ਦੀ ਵਿਰੋਧਤਾ ਦੀ ਕੋਈ ਪਰਵਾਹ ਨ ਕਰਕੇ ਆਪਣੇ ਮਿੱਥਿਆ ਚਿੰਨ੍ਹ ਕੱਟਵਾ ਕੇ ਗੁਰੂ ਇੱਛਾ ਦੇ ਉੱਚ ਨ੍ਹੇਮ ਨੂੰ ਪੂਰਾ ਕੀਤਾ। ਵਾਹ! ਇਕ ਮੈਜਸਟਰੇਟ ਦੇ ਉੱਚ ਪਦ ਧਾਰੀ ਦਾ ਕੇਹਾ ਸ਼ਰਧਾ ਦਾ ਪ੍ਰਕਾਸ਼। ਉਹ ਗੁਰੂ ਮਹਾਰਾਜ ਦੀ ਪੁਸਤਕ ਜਾਂ ਅਖਬਾਰ ਨੂੰ ਬਹੁਤ ਇਜ਼ੱਤ ਨਾਲ ਰੱਖਦੇ ਸੀ। ਘਰ ਵਾਲਿਆਂ ਨੂੰ ਪੂਰੀ ਹਦਾਇਤ ਸੀ। ਜੇ ਕਰ ਉਹ ਕੋਈ ਅਖ਼ਬਾਰ ਜਮੀਨ ਤੇ ਪਿਆ ਵੇਖ ਲੈਂਦੇ ਤਾਂ ਉਹ ਉਸ ਵਕਤ ਖਾਣਾ ਨਹੀਂ ਸਨ ਖਾਂਦੇ। ਇਕ ਵੇਰ ਉਹ ਗੁਰੂ ਮਹਾਰਾਜ ਦੀ ਸੇਵਾ ਵਿੱਚ ਆਉਣ ਲੱਗੇ ਸਨ। ਉਨ੍ਹਾ ਨੂੰ ਖਿਆਲ ਆਇਆ, ਉਨ੍ਹਾ ਇਕ ਖਾਸ ਚੰਗਾ ਸ਼ਰਧਾ (ਫਲ) ਖਰੀਦ ਕੇ ਨਾਲ ਲੈ ਲਿਆ। ਉਧਰ ਡਾਕਟਰ ਨੇ ਮਹਾਰਾਜ ਨੂੰ ਕਿਹਾ ਕਿ ਆਪ ਦੀ ਸੇਹਤ ਲਈ ਸਰਧਾ ਠੀਕ ਹੈ, ਉਹ ਖਾਓ। ਮਹਾਰਾਜ ਨੇ ਸ਼ਰਧੇ ਸ਼੍ਰੀਮਾਨ ਦੇਵਤ ਸਿੰਘ ਜੀ ਨੂੰ ਕਿਹਾ ਕਿ ਉਹ ਭਾਈ ਅਤਰ ਸਿੰਘ ਜੀ ਨੂੰ ਤਾਰ ਦੇ ਦੇਣ ਉਹ ਸਰਧਾ ਲਈ ਆਉਣ। ਭਾਈ ਸਾਹਿਬ ਤਾਂ ਪਹਿਲੋਂ ਚਲ ਚੁੱਕੇ ਸਨ। ਸਭ ਦੀ ਹੈਰਾਨੀ ਦੀ ਹੱਦ ਨਾ ਰਹੀ ਜੱਦੋਂ ਉਨ੍ਹਾਂ ਭਗਵਾਨ ਦੀ ਸੇਵਾ ਵਿੱਚ ਪੁੱਜ ਕੇ ਸਰਧਾ ਭੇਂਟ ਕੀਤਾ।

ਸ਼੍ਰੀ ਭਾਈ ਸਾਹਿਬ ਸਾਥੀ ਸੇਵਕਾਂ ਨਾਲ ਗਹਿਰਾ ਸੰਬੰਧ ਮਹਿਸੂਸ ਕਰਦੇ ਸਨ। ਉਨ੍ਹਾ ਦਾ ਬਹੁਤ ਸਨਮਾਨ ਕਰਦੇ ਸਨ। ਉਨ੍ਹਾ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਉਨ੍ਹਾ ਨੂੰ ਮਿਲ ਕੇ ਬਹੁਤ ਖੁਸ਼ ਹੁੰਦੇ ਸਨ। ਹਿੱਤਕਰ ਬਾਤ ਚੀਤ ਕਰਕੇ ਧੰਨ ਧੰਨ ਹੁੰਦੇ ਸਨ। ਦੇਵ ਸਮਾਜ ਦੇ ਲਾਭ ਨੂੰ ਆਪਣਾ ਲਾਭ ਘਾਟੇ ਨੂੰ ਆਪਨਾ ਘਾਟਾ ਸਮਝਦੇ ਸਨ।

ਭਾਈ ਸਾਹਿਬ ਦੇ ਅੰਦਰ ਦੇਵ ਪ੍ਰਭਾਵ ਦਾਇਕ ਸਤ ਸੰਗ ਲਈ ਬੜਾ ਪਿਆਰ ਸੀ। ਉਹ ਵੱਧ ਤੋਂ ਵੱਧ ਸਮਾਂ ਉਸ ਵਿੱਚ ਖਰਚ ਕਰਦੇ।

ਭਾਈ ਸਾਹਿਬ ਆਪਣੇ ਨਿਜ ਦੇ ਸਾਧਨ ਨੂੰ ਵੀ ਅਕਸਰ ਨਿਸ਼ਚਾ ਨਾਲ ਕਰਦੇ ਸਨ। ਨਿੱਜ ਦੇ ਸਾਧਨਾਂ ਵਿੱਚ ਉਠੇ ਵਲਵਲੇ ਤੇ ਭਾਵ ਲਿਖ ਲੈਂਦੇ ਸਨ। ਆਪਣੀਆਂ ਕਮੀਆਂ ਦੇਖ ਕੇ ਬਹੁਤ ਸ਼ੋਕ ਨਾਲ ਭਰ ਜਾਂਦੇ ਸਨ। ਉਹ ਸਦਗੁਣ ਚਿੰਤਨ, ਉਪਕਾਰ ਸਿਮਰਣ ਤੇ ਹਾਨੀ ਚਿੰਤਨ ਦੇ ਸਾਧਨਾ ਨੂੰ ਲਿਖਦੇ ਰਹਿੰਦੇ ਸਨ।

ਸ਼੍ਰੀ ਭਾਈ ਜੀ ਨੇ ਨੌਕਰੀ ਤੋਂ ਰੀਟਾਇਰ ਹੋ ਕੇ ਭਗਵਾਨ ਦੇ ਮਿਸ਼ਨ ਦਾ ਕੰਮ ਕਰਨਾ ਸ਼ੁਰੂ ਕੀਤਾ। ਪਾਪ ਛੁਡਾਏ, ਸ਼ਰਧਾਲੂ ਸੇਵਕ ਬਣਾਏ। ਸਭਾਵਾਂ ਕਰਾਈਆਂ। ਬਹੁਤ ਪਾਰਟੀਆਂ ਨਾਲ ਮਿਲ ਕੇ ਸੰਗਰਾਮ ਕੀਤਾ।

ਗੁਰੂ ਹਰ ਸਹਾਏ ਵਿੱਚ ਕਨਿਆਵਾਂ ਦਾ ਸਕੂਲ ਖੋਲਿਆ, ਆਪਣੇ ਲਈ ਪਰਉਪਕਾਰ ਦਾ ਸਾਧਨ ਬਣਾਇਆ। ਉਸ ਨੂੰ ਬਹੁਤ ਸੰਗਰਾਮ ਨਾਲ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ। ਇਕ ਇਕ ਵੇਲੇ

ਪ੍ਰਤਿਗਿਆ ਕਰਕੇ ਕਿ ਇਹ ਨਤੀਜਾ ਕੱਢਣਾ ਹੈ, ਦੌਰੇ ਜਾਂਦੇ ਤੇ ਉਸ ਨੂੰ ਪੂਰਾ ਕਰਕੇ ਦਮ ਲੈਂਦੇ।

ਭਾਈ ਸਾਹਿਬ ਵੱਡੇ ਵੱਡੇ ਝਗੜੇ ਆਪਣੇ ਚੰਗੇ ਵਤੀਰੇ ਤੇ ਮਸ਼ਵਰੇ ਤੇ ਇਨਸਾਫ ਨਾਲ ਹੱਲ ਕਰ ਦਿੰਦੇ ਸਨ।

ਭਾਈ ਸਾਹਿਬ ਦੇ ਆਪਣੇ ਸੰਬੰਧ ਬੜੇ ਸ਼ਾਨਦਾਰ ਸਨ। ਉਨ੍ਹਾ ਦੀ ਧਰਮ ਪਤਨੀ ਜੀ ਨਾਲ ਉਨ੍ਹਾ ਦਾ ਬਹੁਤ ਚੰਗਾ ਸਬੰਧ ਸੀ। ਮਾਤਾ ਪਿਤਾ ਲਈ ਤਾਂ ਉਹ ਬੇਹਦ ਸ਼ਰਧਾ ਰਖਦੇ ਸਨ। ਉਨ੍ਹਾ ਦਾ ਗੀਕਾਰਡ ਹੈ ਕਿ ਉਹ ਮਾਤਾ ਪਿਤਾ ਦੇ ਚਰਣ ਆਪ ਧੋਂਦੇ ਸੀ। ਉਹ ਉਨ੍ਹਾਂ ਦਾ ਚਰਣਾਮ੍ਰਤ ਲੈਂਦੇ ਸਨ। ਉਹ ਮਾਤਾ ਪਿਤਾ ਦੇ ਪੈਰ ਧੋਂਦੇ ਸਮੇਂ ਬਹੁਤ ਸਾਫ ਸੁਥਰੇ ਤੌਲੀਏ ਨਾਲ ਪੂੰਜਦੇ ਸਨ। ਇਕ ਇਕ ਵੇਰ ਸ਼ਰਧਾ ਨਾਲ ਭਰ ਕੇ ਉਹ ਆਪਣੀ ਬਰਫ ਨੁਮਾ ਸਫੈਦ ਪਗੜੀ ਉਤਾਰ ਕੇ ਮਾਤਾ ਪਿਤਾ ਦੇ ਪੈਰ ਪੂੰਜਣ ਲੱਗ ਜਾਂਦੇ ਸਨ। ਅਜਬ ਸਵਰਗੀ ਨਜ਼ਾਰਾ ਲੱਗਦਾ ਸੀ ਉਸ ਸਮੇਂ। ਭਾਈ ਸਾਹਿਬ ਨੇ ਆਪਣੀ ਸੰਤਾਨ ਦੇ ਭਲੇ ਦੀ ਰੱਜ ਕੇ ਕੋਸ਼ਿਸ਼ ਕੀਤੀ। ਉਨਾ ਨੂੰ ਸਭ ਨੂੰ ਚੰਗੀ ਤਾਲੀਮ ਦਿੱਤੀ। ਉਨ੍ਹਾ ਨੂੰ ਉੱਚ ਸੰਗਤ ਨਾਲ ਜੋੜਨ ਦੇ ਲਈ ਫਿਕਰਮੰਦ ਰਹਿੰਦੇ ਸਨ।

ਭਾਈ ਸਾਹਿਬ ਦੇ ਅੰਦਰ ਸਫਾਈ ਦਾ ਜੋਰਦਾਰ ਭਾਵ ਸੀ। ਉਹ ਪਗੜੀ, ਕਮੀਜ, ਪਜਾਮਾ ਆਦਿ ਇਕੱਠੇ ਨਹੀਂ ਸਨ ਰਖਦੇ। ਉਹ ਸਭ ਤੋਂ ਥੱਲੇ ਪਾਜਾਮਾ ਆਦਿ ਰਖਦੇ ਫੇਰ ਕੁਝ ਸਾਫ ਕਪੜਾ ਤੇ ਕਮੀਜ ਰੱਖਦੇ । ਸਭ ਤੋਂ ਉਪਰ ਪੱਗੜੀ ਆਪਣੇ ਬਕਸ ਜਾਂ ਸਮਾਨ ਵਿੱਚ ਰਖਦੇ। ਉਹ ਸਭ ਕੁਝ ਉਪਰ ਨੀਚੇ ਨਹੀਂ ਰਖ ਸਕਦੇ ਸਨ। ਉਹ ਆਪਣਾ ਬਿਸਤਰਾ ਸਦਾ ਸਾਫ ਰਖਦੇ ਸਨ। ਉਹ ਸਾਰੀ ਉਮਰ ਕਿਸੇ ਦੇ ਬਿਸਤਰੇ ਵਿੱਚ ਨਹੀਂ ਸੁੱਤੇ। ਉਹ ਬੈਠ ਕੇ ਰਾਤ ਕੱਟ ਦਿੰਦੇ ਸਨ ਪਰ ਕਿਸੇ ਦੇ ਬਿਸਤਰੇ ਵਿੱਚ ਨਹੀਂ ਸੌਂ ਸਕਦੇ ਸਨ। ਆਪਣੇ ਕਪੜੇ ਨੂੰ ਦਾਗ ਨਹੀਂ ਲਗਣ ਦੇਂਦੇ ਸਨ। ਅਕਸਰ ਠੰਡੇ ਪਾਣੀ ਨਾਲ ਅਸ਼ਨਾਨ ਕਰਦੇ ਤੇ ਸਵੇਰੇ ਸ਼ਾਮ ਵਰਜਿਸ਼ ਕਰਦੇ ਸਨ।

ਭਾਈ ਸਾਹਿਬ ਬਹੁਤ ਪਰਹੇਜ਼ਗਾਰ ਸਨ। ਉਹ ਖਾਣੇ ਦੇ ਸਮੇਂ ਵਿਚਕਾਰ ਕੁੱਝ ਨਹੀਂ ਖਾਂਦੇ ਸਨ। ਬਹੁਤ ਖਿਆਲ ਰੱਖਦੇ ਸਨ। ਉਹ ਆਪਣੀਆਂ ਚੀਜਾਂ ਦੀ ਬਹੁਤ ਸੰਭਾਲ ਰਖਦੇ ਸਨ। ਉਨ੍ਹਾਂ ਘੜੀ ਤੋਂ 40 ਸਾਲ ਕੰਮ ਲਿਆ।

ਭਾਈ ਸਾਹਿਬ ਵਿੱਚ ਦਾਨ ਦੇਣ ਦਾ ਚੰਗਾ ਭਾਵ ਸੀ। ਭਗਵਾਨ ਦੇਵ ਆਤਮਾ ਦੀ ਸਮਾਧੀ ਲਈ ਉਨ੍ਹਾਂ ਨੇ ਉਸ ਜਮਾਨੇ ਵਿੱਚ 500 ਰੁਪਏ ਦਾਨ ਦਿੱਤਾ ਸੀ। ਉਨ੍ਹਾਂ ਦੀ ਲੜਕੀ ਨੇ ਆਪਣੀ ਸੋਨੇ ਦੀ ਅੰਗੂਠੀ ਦਾਨ ਦੇ ਦਿੱਤੀ। ਭਾਈ ਸਾਹਿਬ ਬਹੁਤ ਖੁਸ਼ ਹੋਏ। ਭਾਈ ਸਾਹਿਬ ਨੇ ਦੂਸਰੀ ਲੜਕੀ ਨੂੰ ਵੀ ਅੰਗੂਠੀ ਦਾਨ ਦੇਣ ਲਈ ਪ੍ਰੇਰਨਾ ਕੀਤੀ। ਉਨ੍ਹਾਂ ਦੀ ਲੜਕੀ ਨੇ ਅਰਚਣ ਲਈ ਸੋਨੇ ਚਾਂਦੀ ਦੀ ਤਸ਼ਤਰੀ ਬਣਾਕੇ ਭੇਂਟ ਦਿੱਤੀ। ਕਿਤਨੇ ਸਾਲ ਉਹ ਆਪਣੀ ਕਮਾਈ ਚੋਂ ਦਸਵਾਂ ਹਿੱਸਾ ਦਿੰਦੇ ਰਹੇ। ਵਿਕਾਸਆਲੇ ਨੂੰ ਬਹੁਤ ਮਾਲ ਹਰ ਮਹੀਨੇ ਦਾਨ ਦਿੰਦੇ ਰਹੇ।

ਭਾਈ ਸਾਹਿਬ ਨੂੰ ਝੂਠ ਬੋਲਣ ਤੋਂ ਨਫਰਤ ਸੀ। ਉਹ ਬਹੁਤ ਚੰਗੇ ਮਹਿਮਾਨ ਨਿਵਾਜ ਸਨ। ਉਨ੍ਹਾ ਦੀ ਖੂਬ ਖੁਸ਼ੀ ਨਾਲ ਸੇਵਾ ਕਰਦੇ। ਉਨ੍ਹਾ ਅੰਦਰ ਸਹਿਨਸ਼ੀਲਤਾ ਬਹੁਤ ਸੀ। ਬਹੁਤ ਆਦਮੀ ਕਹਿੰਦੇ ਸਨ ਕਿ ਭਾਈ ਸਾਹਿਬ ਨੂੰ ਕਦੀ ਗੁੱਸੇ ਹੁੰਦਿਆ ਨਹੀਂ ਵੇਖਿਆ। ਉਹ ਬੇਹਦ ਨਰਮ ਸੁਭਾਉ ਦੇ ਮਾਲਕ ਸਨ। ਉੱਚ ਅਸੂਲ ਦੀ ਗਲ ਤੇ ਉਹ ਅੜ ਜਾਂਦੇ ਸਨ, ਉਨ੍ਹਾ ਅੰਦਰ ਬਦਲੇ ਦੀ ਭਾਵਨਾ ਨਹੀਂ ਸੀ। ਬੁਰਾ ਸਲੂਕ ਕਰਨ ਵਾਲੇ ਦੀ ਵੀ ਉਹ ਮਦਦ ਕਰ ਦਿੰਦੇ ਸਨ।

ਉਹ ਪਸ਼ੂ ਪੰਛੀਆਂ ਨਾਲ ਬਹੁਤ ਸਨੇਹ ਰਖਦੇ ਸੀ ਤੇ ਉਨ੍ਹਾਂ ਦੀ ਬਹੁਤ ਸੇਵਾ ਕਰਦੇ ਸਨ। ਪੰਛੀਆਂ ਨੂੰ ਰੋਜ਼ ਪਾਣੀ ਪਾਉਂਦੇ। ਪਸ਼ੂਆਂ ਦੇ ਚਾਰੇ ਦਾ, ਸਫਾਈ ਦਾ ਨੀਚੇ ਰੇਤ ਆਦਿ ਦਾ ਸਦਾ ਖਿਆਲ ਰੱਖਦੇ ਸਨ।

ਭਾਈ ਸਾਹਿਬ ਨੂੰ ਮੰਗਲ ਕਾਮਨਾ ਤੇ ਬਹੁਤ ਵਿਸ਼ਵਾਸ ਸੀ। ਉਹ ਹਰ ਰੋਜ਼ ਮੰਗਲ ਕਾਮਨਾ ਦਾ ਸਾਧਨ ਕਰਦੇ ਸਨ।

ਭਾਈ ਸਾਹਿਬ ਨੇ 84 ਸਾਲ ਦੀ ਉਮਰ ਪਾਈ। ਉਹ 24 ਅਪ੍ਰੈਲ ਸੰਨ 1944 ਨੂੰ ਡਰੋਲੀ ਭਾਈ ਵਿਖੇ ਪਰਲੋਕ ਸਿਧਾਰ ਗਏ।

ਮੁਬਾਰਕ ਹੈ ਸ਼੍ਰੀ ਭਾਈ ਜੀ ਦਾ ਜੀਵਨ ! ਉਨ੍ਹਾ ਨੇ ਇਸ ਸੰਸਾਰ ਵਿਚ ਜਨਮ ਲੈ ਕੇ, ਆਪਣੀ ਆਤਮਿਕ ਉੱਚ ਪੂੰਜੀ ਨੂੰ ਬਰਬਾਦ ਨਹੀਂ ਕੀਤਾ। ਸਗੋਂ ਮਨੁੱਖ ਸ੍ਰਿਸ਼ਟੀ ਦੇ ਸਰਤਾਜ ਭਗਵਾਨ ਦੇਵ ਆਤਮਾ ਦੇ ਦੇਵ ਪ੍ਰਭਾਵਾਂ ਨੂੰ ਪਾ ਕੇ ਉਸ ਨੂੰ ਸੱਚੇ ਅਰਥਾਂ ਵਿੱਚ ਆਪਣੀ ਯੋਗਤਾ ਅਨੁਸਾਰ ਸਫਲ ਕੀਤਾ। ਆਪਣੇ ਜੀਵਨ ਚੋਂ ਕਈ ਪ੍ਰਕਾਰ ਦੀਆਂ ਬਰਕਤਾਂ ਪੈਦਾ ਕੀਤੀਆਂ। ਉਹਨਾ ਦਾ ਜੀਵਨ ਫੁਲ ਵਾਂਗ ਆਪਣੀ ਮਹਿਕ ਰੱਖਦਾ ਸੀ। ਉਹ ਸੱਚ ਮੁੱਚ ਦੇਵ ਆਤਮਾ ਦੀ ਫੁਲਵਾੜੀ ਦੇ ਇਕ ਅਤਿ ਸੁੰਦਰ ਫੁੱਲ ਸਨ। ਉਨ੍ਹਾ ਦੇ ਚਰਣਾਂ ਵਿਚ ਬਾਰ ਬਾਰ ਪ੍ਰਣਾਮ।

ਸ਼ਰਾਫਤ ਦੇ ਪੁਤਲੇ

(ਸ਼੍ਰੀਮਾਨ ਮੁਰਲੀ ਧਰ ਜੀ)

ਸ਼੍ਰੀਮਾਨ ਲਾਲਾ ਮੁਰਲੀ ਧਰ ਜੀ ਕਰਮਚਾਰੀ ਦੇਵ ਸਮਾਜ ਦਾ ਜਨਮ ਦਿੱਲੀ ਵਿੱਚ ਕਾਇਸਥ ਪਰੀਵਾਰ ਵਿੱਚ 1871 ਵਿਚ ਹੋਇਆ। ਉਨ੍ਹਾ ਨੇ ਸੈਂਟ ਸਟੀਫਨ ਮਿਸ਼ਨ ਹਾਈ ਸਕੂਲ ਤੋਂ ਸ਼ੁਰੂ ਤੋਂ ਲੈ ਕੇ ਦਸਵੀਂ ਤਕ ਤਾਲੀਮ ਪਾਈ। 1880 ਵਿੱਚ ਉਨ੍ਹਾ ਨੇ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ। 1892 ਵਿੱਚ ਕਮਿਸ਼ਰੇਟ ਮਹਿਕਮਾ ਵਿਚ ਕਲਰਕ ਭਰਤੀ ਹੋ ਗਏ। ਉਥੇ ਉਨ੍ਹਾ ਦਾ ਸੰਪਰਕ ਦੇਵ ਸਮਾਜ ਨਾਲ ਹੋਇਆ ਤੇ 1904 ਵਿੱਚ ਉਹ ਦੇਵ ਸਮਾਜ ਦੇ ਸੇਵਕ ਬਣ ਗਏ।

ਆਪ 1886 ਵਿੱਚ ਇਕ ਧਾਰਮਕ ਕਲਾਸ ਦੇ ਮੈਂਬਰ ਬਣੇ, ਉਥੇ ਉਨ੍ਹਾ ਨੇ ਖੁਦ ਸ਼ਰਾਬ ਤੇ ਹੋਰ ਨਸ਼ੇ, ਮਾਸ ਖਾਣਾ, ਪਾਨ ਹੁੱਕਾ ਸਿਗਰੇਟ ਸਭ ਛੱਡ ਦਿੱਤਾ। ਨਾਚ ਕਰਣ ਵਾਲੀਆਂ ਇਸਤਰੀਆਂ ਦਾ ਨਾਚ ਦੇਖਣਾ ਵੀ ਬੰਦ ਕਰ ਦਿੱਤਾ। ਉਨ੍ਹਾ ਦੀ ਬਰਾਦਰੀ ਵਿਚ ਉਪ੍ਰੋਕਤ ਗੱਲਾਂ ਦਾ ਪੂਰਾ ਰਿਵਾਜ ਸੀ, ਇਸ ਲਈ ਲਾਲਾ ਜੀ ਨੂੰ ਬਹੁਤ ਵਰੋਧਤਾ ਦਾ ਸਾਮਣਾ ਕਰਨ ਪਿਆ।

ਲਾਲਾ ਜੀ ਦਾ ਜੀਵਨ ਸਮਾਜ ਨਾਲ ਜੁੜ ਕੇ ਬਹੁਤ ਲਾਭ ਉਠਾਉਣ ਲਗਾ। ਆਖਿਰ ਸੱਤਿ ਗੁਰੂ ਦੇ ਦੇਵ ਪ੍ਰਭਾਵਾਂ ਨੇ ਉਨਾ ਦਾ ਲਖਸ਼ ਬਦਲ ਦਿਤਾ ਤੇ ਉਹ 1913 ਵਿੱਚ ਆਪਣੀ ਨੌਕਰੀ ਤੋਂ ਪੈਨਸ਼ਨ ਲੈ ਕੇ ਰੀਟਾਇਰ ਹੋ ਗਏ ਤੇ ਉਨ੍ਹਾ ਨੇ ਦੇਵ ਸਮਾਜ ਦੇ ਮਹਾਨ ਕਾਰਜ ਲਈ ਆਪਣਾ ਜੀਵਨ ਭੇਂਟ ਕਰ ਦਿੱਤਾ।

ਆਪ ਸੇਵਕ ਹੋ ਕੇ ਵੀ ਦੇਵ ਸਮਾਜ ਲਈ ਬਹੁਤ ਸੇਵਾਕਾਰੀ ਹੁੰਦੇ ਸੀ, ਫੇਰ ਉਹ ਕਰਮਚਾਰੀ ਬਣ ਕੇ ਤਾਂ ਖਾਸ ਤੋਰ ਤੇ ਸੇਵਾਕਾਰੀ ਹੋਣ ਲੱਗੇ।

ਅਜੇ ਆਪ ਸੇਵਕ ਵੀ ਨਹੀਂ ਸਨ ਬਣੇ, ਆਪ ਦਾ ਸੰਪਰਕ ਸ਼ਰਧੇ ਸ਼੍ਰੀਮਾਨ ਦੇਵਤ ਸਿੰਘ ਜੀ ਮਹਾਰਾਜ ਨਾਲ ਹੋ ਗਿਆ। ਉਨ੍ਹਾ ਨੇ ਉਨਾ ਨੂੰ ਹਰਰੋਜ਼ ਕੋਈ ਨਾ ਕੋਈ ਸੇਵਾ ਦਾ ਕੰਮ ਕਰਣ ਦੀ ਆਗਿਆ ਦਿੱਤੀ। ਫੇਰ ਬਾਅਦ ਵਿੱਚ ਉਨਾ ਉਤੇ ਇਹ ਤੱਤ ਚੰਗੀ ਤਰ੍ਹਾਂ ਗੁਰੂ ਮਹਾਰਾਜ ਦੀ ਰੋਸ਼ਨੀਂ ਵਿੱਚ ਰਰਗਾਟ ਹੋ ਗਿਆ ਕਿ :-

"ਜਦੋਂ ਤੱਕ ਮਨੁੱਖ ਆਪਣੀ ਕਿਸੇ ਅਦਨਾ ਗਰਜ ਨੂੰ ਛੱਡ ਕੇ, ਅਤੇ ਆਪਣਾ ਆਪ ਤਿਆਗ ਕੇ, ਦੂਜੇ ਵਜੂਦਾਂ ਦੇ ਕੰਮ ਨਹੀਂ ਆਉਂਦਾ, ਪਰ ਸੇਵਾ ਦੇ ਲਈ ਕੁਝ ਨਹੀਂ ਕਰਦਾ, ਤਦ ਤਕ ਉਸ ਦੇ ਅੰਦਰ ਧਰਮ ਜੀਵਨ ਦਾ ਆਰੰਭ ਨਹੀਂ ਹੁੰਦਾ। ਧਰਮ ਜੀਵਨ ਦੀ ਕ, ਖ, ਵੀ ਸ਼ੁਰੂ ਨਹੀਂ ਹੁੰਦੀ।"

Regd. Postal No.Pb (0049s) 2003
Regd. with Registrar News Paper No. 72258/88

1907 ਵਿਚ ਉਨ੍ਹਾਂ ਦੀ ਬਦਲੀ ਪਸ਼ਾਵਰ ਦੀ ਹੋ ਗਈ ਸੀ। ਉਥੇ ਸਭ ਸੇਵਕਾਂ ਨੇ ਮਿਲ ਕੇ ਇਕ ਵੱਡਾ ਮਕਾਨ ਕਿਰਾਏ ਤੇ ਲੈ ਰਖਿਆ ਸੀ। ਸਾਰੇ ਪਰਿਵਾਰ ਦੇ ਕੰਮ ਆਪਸ ਵਿੱਚ ਵੰਡੇ ਹੋਏ ਸੀ। ਉਹ ਸਾਰੇ ਪਰਿਵਾਰ ਆਪਸ ਵਿੱਚ ਸਨਮਾਨ, ਹਮਦਰਦੀ ਦੇ ਸਦਭਾਵ ਨਾਲ ਮਿਲਕੇ ਰਹਿੰਦੇ ਸਨ। ਬੜਾ ਪਾਕ ਨਜ਼ਾਰਾ ਸੀ। ਲਾਲਾ ਜੀ ਦੇ ਜੁਮੇ ਬਹੁਤ ਹਿਸਾ ਇੰਤਜਾਮ ਦਾ ਸੀ। ਉਨਾਂ ਦੀ ਡਿਊਟੀ ਮਰੀਜਾਂ ਦੀ ਦੇਖਭਾਲ ਦੀ ਸੀ। ਉਹ ਅਕਸਰ ਮਰੀਜਾਂ ਲਈ ਦਵਾ ਦਾਰੂ ਲੈ ਕੇ ਆਉਂਦੇ, ਬੱਚਿਆਂ ਲਈ ਦਵਾਈ ਲੈ ਕੇ ਆਉਂਦੇ। ਬੱਚਿਆਂ ਨੂੰ ਉਂਗਲੀ ਪਕੜਾ ਕੇ ਸਾਥ ਲੈ ਜਾਂਦੇ। ਉਨ੍ਹਾਂ ਪਰੀਵਾਰਾਂ ਨੇ ਇਸ ਸਮੇਂ ਨੂੰ ਸਦਾ ਹੀ ਖਾਸ ਸੁਭਾਗ ਨਾਲ ਯਾਦ ਕੀਤਾ।

ਲਾਲਾ ਜੀ ਦੇ ਉੱਚ ਜੀਵਨ ਨੂੰ ਉੱਚ ਪਦਾਂ ਤੇ ਮੁਕਰਰ ਕਰਨਾ ਜਰੂਰੀ ਹੋ ਗਿਆ। ਉਨ੍ਹਾਂ ਬਹੁਤ ਹੀ ਜਾਨ ਫਿਸਾਨੀ ਨਾਲ, ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਪਿਛੋਂ ਉਹ ਪ੍ਰਚਾਰ ਵਿਭਾਗ ਦੇ ਬੋਰਡ ਦੇ ਸੈਕਟਰੀ ਬਣਾਏ ਗਏ। ਉਹ ਦੇਵ ਸਮਾਜ ਕੌਂਸਲ ਦੇ ਖਾਸ ਮੈਂਬਰ ਸਨ। ਉਹ ਆਪਣੀ ਰਾਏ ਨਿਰਪੱਖ ਹੋਕੇ ਦਿੰਦੇ ਸਨ। ਸਮਾਜ ਦੇ ਕੰਮਾਂ ਦਾ ਉਨ੍ਹਾਂ ਨੂੰ ਬਹੁਤ ਫਿਕਰ ਰਹਿੰਦਾ ਸੀ। ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਆਪਣੇ ਟ੍ਰਸਟ ਦਾ ਪ੍ਰੇਜੀਡੇਂਟ ਮੁਕਰਰ ਕੀਤਾ ਜੀ। ਟ੍ਰਸਟ ਸਬੰਧੀ ਮੁਕਦਮੇਂ ਵੀ ਉਨਾਂ ਬੜੇ ਫਿਕਰ ਨਾਲ ਹਾਈ ਕੋਰਟ ਤੱਕ ਜਿੱਤੇ।

ਸ਼੍ਰੀ ਲਾਲਾ ਜੀ ਨੇ ਲਾਹੌਰ, ਦਿੱਲੀ, ਫੀਰੋਜ਼ਪੁਰ, ਰਾਵਲਪਿੰਡੀ, ਕੋਣ ਜੰਡੂ, ਕੁਰਸੰਡਾ ਦੇ ਵੱਡੇ ਖੇਤਰਾਂ ਵਿਚ ਰਹਿਕੇ ਬਹੁਤ ਹੀ ਸ਼ਾਨਦਾਰ ਕੰਮ ਕੀਤਾ। ਦਿੱਲੀ ਵਿੱਚ, ਕੀ ਫਿਰੋਜ਼ਪੁਰ ਕਾਲਿਜਾਂ ਦੇ ਵਿਦਿਆਰਥੀਆਂ, ਟੀਚਰਾਂ, ਪ੍ਰੋਫੇਸਰਾਂ ਨੂੰ ਲੈਕੇ, ਲੜਕੀਆਂ ਨੂੰ ਲੈਕੇ, ਸਭਾਵਾਂ ਕਰਾਉਂਦੇ ਤੇ ਬੇਹਦ ਸੰਗਰਾਮ ਕਰਦੇ। ਉੱਥੇ ਪ੍ਰਚਾਰ ਕਰਾਉਂਦੇ ਤੇ ਬੇਹਦ ਸੰਗਰਾਮ ਕਰਦੇ। ਉਨ੍ਹਾਂ ਦਾ ਪ੍ਰਚਾਰ ਸਿਆਲ ਕੋਟ, ਪਿੰਡੀ ਘੇਪ, ਰਾਵਲਪਿੰਡੀ ਦੇ ਮੁਕਾਮਾਂ ਤੇ ਬਹੁਤ ਹਿਤਕਰ ਸਾਬਤ ਹੋਇਆ। ਬਹੁਤ ਸਾਰੇ ਆਤਮਾਵਾਂ ਨੂੰ ਉਹ ਗੁਰੂ ਮਹਾਰਾਜ ਦੇ ਨੇੜੇ ਕਰਨ ਵਿੱਚ ਸਫਲ ਹੋਏ।

ਆਪ ਨੇ ਤਿੰਨ ਚਾਰ ਸ਼ਾਨਦਾਰ ਕਿਤਾਬਾਂ ਦੀ ਰਚਨਾ ਕੀਤੀ। ਰੂਹਾਨੀ ਗੁਲਦਸਤਾਂ, ਇਸਤਰੀ ਬਾਂਧਵ ਤੇ ਭਗਵਾਨ ਦੇ ਬਚਨਾਂ ਦਾ ਗੁਟਰਗਾ, ਭਗਵਾਨ ਦੇ ਬਚਨਾਂ ਦਾ ਗੁਟਰਗਾ, ਭਗਵਾਨ ਦੇ ਲੇਖ ਉਪਦੇਸ਼ ਉਰਦੂ, ਬਹੁਤ ਮੇਹਨਤ ਨਾਲ ਇਨ੍ਹਾਂ ਪੁਸਤਕਾਂ ਨੂੰ ਤਿਆਰ ਕਰਾਇਆ। ਜੋ ਬਹੁਤ ਹੀ ਹਿਤਕਰ ਸਾਬਤ ਹੁੰਦੀਆਂ ਹਨ।

ਆਪ ਇਸਤਰੀ ਜਾਤੀ ਦੇ ਪ੍ਰਤੀ ਬਹੁਤ ਹਮਦਰਦੀ ਰਖਦੇ ਸਨ। ਆਪਣੀ ਪੁਸਤਕ ਇਸਤਰੀ ਬਾਧਵ ਵਿਚ ਉਨਾਂ ਦੇ ਭਲੇ ਲਈ ਬਹੁਤ ਕੁਝ ਉਨਾਂ ਦਰਜ ਕੀਤਾ। ਸਭ ਸੇਵਕਾਂ ਦੇ ਘਰਾਂ ਵਿਚ ਜਾ ਇਸਤਰੀਆਂ ਨੂੰ ਮਿਲਕੇ, ਉਨ੍ਹਾਂ ਦੇ ਹਾਲਾਤ ਜਾਣਕੇ, ਉਨ੍ਹਾਂ ਨੂੰ ਉਭਾਰ ਕੇ ਸੱਤਿ ਸੰਗ ਦੁਆਰਾ ਉਨਾਂ ਦਾ ਬੇਹਦ ਭਲਾ ਕਰਦੇ ਸਨ।

ਉਹ ਬਹੁਤ ਸੁੰਦਰ ਦਾਨ ਪ੍ਰਾਪਤੀ ਦਾ ਕੰਮ

ਸਫਾ 2 ਤੇ ਬਾਕੀ ਭਾਗ

Printer, Publisher & Owned By Shriman Baldev Singh, House No. 3154, Sector 21-D, Chandigarh,
ਮੰਤਰੀ-ਦੇਵ-ਧਰਮ-ਮਿਸ਼ਨ ਨੇ Surya Laser Den, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।

Book Post